ਮਾਸਿਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

# MONTHLY SURA LUDHIANA

## ਗੁਰੂ ਨਾਨਕ ਆਮਦ ਨਰਾਇਨ ਸਰੂਪ ॥
## ਹੁਮਾਨਾ ਨਿਰੰਜਨ ਨਿਰੰਕਾਰ ਰੂਪ ॥੧॥

ਨਾਰਾਇਨ ਗੁਰੂ ਨਾਨਕ ਦਾ ਰੂਪ ਧਾਰ ਕੇ ਆਇਆ ।
ਉਸ ਦਾ ਰੂਪ ਨਿਰੰਜਨ ਅਤੇ ਨਿਰੰਕਾਰ ਵਰਗਾ ਸੀ ।

NOV. 98 ਨਵੰਬਰ ੯੮

www.AKJ.Org

## ਤਤਕਰਾ


| | | | |
|---|---|---|---|
| ੧.ਏਹ ਵਡਿਆਈ ਸਤਿਗੁਰ ਨਿਰਵੈਰ ਵਿਚ | ੧. | ੭.ਖਾਲਸਾ-ਗੁਰੂ ਨਾਨਕ ਦੇ ਮਿਸ਼ਨ ਦੀ ਪੂਰਤੀ | ੨੪ |
| ੨.ਸ੍ਰੀ ਗੁਰੂ ਨਾਨਕ-ਸੰਸਾਰ-ਸੁਧਾਰ | ੯. | ੮.ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ | ੩੦ |
| ੩.ਬਲਿਓ ਚਰਾਗੁ ਅੰਧ੍ਯਾਰ ਮਹਿ | ੧੨. | ੯.ਮਨ ਦੇ ਤ੍ਰੰਗ | ੩੨ |
| ੪.ਪੰਥ ਦਰਦੀਆਂ ਦੇ ਵਿਚਾਰਨ ਯੋਗ | ੧੬. | ੧੦.ਕਰਮ ਫਿਲਾਸਫੀ | ੩੩ |
| ੫.ਗੁਰੂ ਨਾਨਕ ਦੇਵ ਜੀ ਦੀ ਪ੍ਰਤਿਭਾ | ੧੭ | ੧੧.ਵੀਚਾਰਨਯੋਗ ਗੱਲਾਂ | ੩੯ |
| ੬.ਆਸਾ ਦੀ ਵਾਰ-ਇੱਕ ਅਧਿਅਨ | ੨੦ | | |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਪਾ: ੧ ਅਵਤਾਰ ਧਾਰਿਆ | ੪ ਨਵੰਬਰ |
| ਪਾ: ੧੦ ਗੁਰਗਿਆਈ ਮਿਲੀ | ੨੨ ਨਵੰਬਰ |
| ਪਾ: ੯ ਜੋਤੀ ਜੋਤਿ ਸਮਾਏ (ਸ਼ਹੀਦੀ) | ੨੪ ਨਵੰਬਰ |

## ਸੂਰਾ ਪੱਤਰ ਦੇ ਚੰਦਿਆਂ ਵਿਚ ਵਾਧਾ

'ਸੂਰਾ ਮਾਸਿਕ ਪੱਤਰ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਨੂੰ ਮੁਖ ਰੱਖਦਿਆਂ ਲਾਗਤ ਕੀਮਤ ਤੋਂ ਕਾਫ਼ੀ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਲਾਗਤਾਂ ਅਤੇ ਡਾਕ ਖਰਚ ਵੱਧ ਜਾਣ ਦੇ ਬਾਵਜੂਦ ਇਸ ਦਾ ਚੰਦਾ ਨਹੀਂ ਵਧਾਇਆ ਗਿਆ ਸੀ। ਹੁਣ ਮਾਇਕ ਔਕੜਾਂ ਨੂੰ ਮੁੱਖ ਰੱਖਦਿਆਂ ਮਜ਼ਬੂਰ ਹੋ ਕੇ ਸੂਰਾ ਪੱਤਰ ਦੇ ਚੰਦੇ ਵਧਾਉਣ ਦਾ ਫੈਸਲਾ ਲੈਣਾ ਪਿਆ ਹੈ। ਸੋ ਆਸ ਹੈ ਸਮੂਹ ਸੰਗਤਾਂ ਪਹਿਲਾਂ ਵਾਂਗ ਹੀ ਨਿੱਘਾ ਸਹਿਯੋਗ ਦੇ ਕੇ ਸੇਵਾਦਾਰਾਂ ਦਾ ਹੌਂਸਲਾ ਵਧਾਉਂਦੀਆਂ ਰਹਿਣਗੀਆਂ। ਸਾਰੇ ਸਰਕਲਾਂ ਦੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਉਹ ਹੇਠ ਲਿਖੇ ਨਵੇਂ ਚੰਦਿਆਂ ਅਨੁਸਾਰ ਹੀ ਨਵੇਂ ਪੱਤਰ ਬੁੱਕ ਕਰਨ।

### ਸੂਰਾ ਪੱਤਰ ਦੇ ਸੋਧੇ ਹੋਏ ਚੰਦੇ

| | ਦੇਸ | ਪ੍ਰਦੇਸ ਹਵਾਈ ਡਾਕ | ਪ੍ਰਦੇਸ ਸਮੁੰਦਰੀ ਡਾਕ |
|---|---|---|---|
| ਇਕ ਪਰਚਾ | 5ਰੁ: | | |
| ਸਾਲਾਨਾ | 40 ਰੁ: | 400 ਰੁ: | 140 ਰੁ: |
| ਅਮਾਨਤੀ ਲਾਈਫ਼ ਮੈਂਬਰ | 400ਰੁ: | 4000 ਰੁ: | 1400ਰੁ: |

ਚੈਕ/ ਡਰਾਫਟ ਆਦਿ ਸਿਰਫ਼ ਸੂਰਾ ਮੰਥਲੀ, ਲੁਧਿਆਣਾ ਦੇ ਨਾਂ ਹੀ ਕੱਟੇ ਜਾਣ। ਮਨੀਆਰਡਰ ਫਾਰਮਾਂ ਉਤੇ ਸੰਦੇਸ਼ ਵਾਲੀ ਥਾਂ ਆਪਣਾ ਪੂਰਾ ਪਤਾ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

ਹਰ ਤਰਾਂ ਦਾ ਚੰਦਾ ਜਾਂ ਹੋਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਭੇਜੋ ਜੀ :- ਸਬ-ਆਫ਼ਿਸ ਸੂਰਾ, ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਡਾਕਖਾਨਾ ਮਾਡਲ ਟਾਊਨ ਲੁਧਿਆਣਾ।

ਜ਼ਰੂਰੀ ਨੋਟ :- ਦੇਸ ਵਿਦੇਸ ਦੇ ਅਮਾਨਤੀ ਲਾਈਫ਼ ਮੈਂਬਰਾਂ ਪ੍ਰਤੀ ਬੇਨਤੀ ਹੈ ਕਿ ਉਹ ਵਧੇ ਹੋਏ ਚੰਦਿਆ ਅਨੁਸਾਰ ਆਪਣੇ ਬਕਾਏ ਜਲਦੀ ਤੋਂ ਜਲਦੀ ਜਮਾਂ ਕਰਵਾਉਣ।

ਦਾਸਰਾ ਸੰਪਾਦਕ

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ:- ਮਾਇਆ ਸੂਰਾ ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-੨ ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ ਇੰਡੀਆ, ਡੀ-੯੩, ਬਲਾਕ ੧੯, ਪਾਹਵਾ ਰੋਡ, ਲੁਧਿਆਣਾ।

www.AKJ.Org

ਜਿਲਦ ੩੨
ਨਵੰਬਰ ੧੯੯੮
ਅੰਕ ੧੧

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

**ਸਾਲਾਨਾ ਚੰਦਾ** ਦੇਸ਼ : ੪੦.ਰੁ: ਵਿਦੇਸ਼ :ਸਮੁੰਦਰੀ ਡਾਕ......੧੪੦.ਰੁ: ਹਵਾਈ ਡਾਕ........੪੦੦ਰੁ:
**ਅਮਾਨਤੀ ਲਾਈਫ ਮੈਂਬਰਸ਼ਿਪ** ਦੇਸ਼ ੪੦੦ ਰੁ: ਵਿਦੇਸ਼ :ਸਮੁੰਦਰੀ ਡਾਕ...੧੪੦੦ਰੁ: ਹਵਾਈ ਡਾਕ.....੪,੦੦੦ਰੁ:
**ਚੰਦਾ ਭੇਜਣ ਦਾ ਪਤਾ** 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੫.੦੦)

Sura-Internet passward- WWW.SURA-INTERNATIONAL.COM.

## ਜ਼ਾਹਰ ਪੀਰ ਜਗਤੁ ਗੁਰ ਬਾਬਾ

ਸਤਿਗੁਰ ਸਚਾ ਪਾਤਿਸਾਹੁ, ਬੇਪਰਵਾਹੁ ਅਥਾਹੁ ਸਹਾਬਾ॥
ਨਾਉ ਗਰੀਬ ਨਿਵਾਜੁ ਹੈ, ਬੇਮੁਹਤਾਜ ਨ ਮੋਹੁ ਮੁਹਾਬਾ॥
ਬੇਸੁਮਾਰ ਨਿਰੰਕਾਰੁ ਹੈ, ਅਲਖ ਅਪਾਰੁ ਅਲਾਹੁ ਸਿਵਾਬਾ॥
ਕਾਇਮੁ ਦਾਇਮੁ ਸਾਹਿਬੀ, ਹਾਜਰੁ ਨਾਜਰੁ ਵੇਦ ਕਿਤਾਬਾ॥
ਅਗਮੁ ਅਡੋਲੁ ਅਤੋਲੁ ਹੈ, ਤੋਲਣਹਾਰੁ ਨ ਡੰਡੀ ਛਾਬਾ॥
ਇਕੁ ਛਤਿ ਰਾਜੁ ਕਮਾਂਵਦਾ, ਦੁਸ਼ਮਣੁ ਦੂਤੁ ਨ ਸੋਰ ਸਰਾਬਾ॥
ਆਦਲੁ ਅਦਲੁ ਚਲਾਇਦਾ, ਜਾਲਮੁ ਜੁਲਮੁ ਨ ਜੋਰ ਜਰਾਬਾ॥
ਜ਼ਾਹਰ ਪੀਰ ਜਗਤੁ ਗੁਰ ਬਾਬਾ॥੩॥

(ਭਾਈ ਗੁਰਦਾਸ ਜੀ ਵਾਰ, ੨੪)

## ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ॥
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥
ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ
ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰ ਪਾਵਨੁ ਹੋਇ ਜਾਵੈ॥
ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ ਤਿਸਨਾ
ਭੁਖ ਉਤਰੈ ਹਰਿ ਸਾਂਤਿ ਤੜ ਆਵੈ॥ ਨਾਨਕ ਇਹੁ ਅਚਰਜੁ ਦੇਖਹੁ ਮੇਰੇ
ਹਰਿ ਸਚੇ ਸਾਹ ਕਾ ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ ॥੧੩॥੧॥ਸੁਧੁ॥

(ਪੰਨਾ ੮੫੫)



www.AKJ.Org

ਸ਼ਬਦ ਵੀਚਾਰ:- (ਗਿਆਨੀ ਪਿੰਦਰਪਾਲ ਸਿੰਘ ਜੀ, ਲੁਧਿਆਣਾ)

ਇਹ ਵਾਰ ਬਿਲਾਵਲ ਰਾਗੁ ਦੇ ਅੰਦਰ, ਸਤਿਗੁਰ ਰਾਮਦਾਸ ਪਾਤਸ਼ਾਹ ਦੀ ਉਚਾਰਨ ਕੀਤੀ ਹੋਈ ਹੈ। ਇਸ ਵਾਰ ਦੇ ਨਾਲ ਸਲੋਕ ਗੁਰੂ ਅਮਰਦਾਸ ਜੀ ਮਹਾਰਾਜ ਦੇ, ਗੁਰੂ ਨਾਨਕ ਸਾਹਿਬ ਜੀ ਦੇ ਹਨ। ਇਹ ਬਿਲਾਵਲ ਦੀ ਵਾਰ ਦੀ ਤੇਹਵੀਂ ਪਉੜੀ ਹੈ।

ਬਿਲਾਵਲ ਦੀ ਵਾਰ ਦੀ ਇਸ ਪਉੜੀ ਵਿਚ ਗੁਰੂ ਪਾਤਸ਼ਾਹ ਦੀ ਵਡਿਆਈ ਉਪਮਾ ਕੀਤੀ ਹੈ। ਸਤਿਗੁਰੂ ਜੀ ਇਸ ਵਿਚ ਬਚਨ ਕਰਦੇ ਹਨ। ਜੇ ਕੋਈ ਮਨੁੱਖ ਨਿੰਦਕ ਹੋ ਕੇ ਕਿਸੇ ਆਮ ਮਨੁੱਖ ਦੀ ਨਿੰਦਾ ਕਰੇ, ਜਾਂ ਕੋਈ ਪੂਰੇ ਸਤਿਗੁਰ ਦੀ ਨਿੰਦਾ ਕਰ ਦਏ, ਜਾਂ ਦਿਨ ਰਾਤ ਨਿੰਦਾ ਕਰਦਾ ਰਹੇ, ਦਿਨ ਰਾਤ ਉਸ ਦੀ ਨਿੰਦਾ ਦੇ ਢੋਲ ਵਜਾਏ ਤੇ ਗੁਰੂ ਰਾਮਦਾਸ ਪਾਤਸ਼ਾਹ ਕਹਿੰਦੇ ਹਨ ਕਿ ਜੇ ਅੰਤਲੇ ਸਮੇ ਉਹ ਤੋਬਾ ਕਰ ਲਏ ਕਿ ਹੇ ਮੇਰੇ ਗੁਰੂ ਮੈ ਅਗਿਆਨਤਾ ਅੰਧੇਰੇ ਚ, ਮੂਰਖਤਾ ਵਸ ਤੇਰੀ ਨਿੰਦਾ ਕੀਤੀ ਪਰ ਕ੍ਰਿਪਾ ਕਰਕੇ ਮੈਨੂੰ ਬਖਸ਼ ਲੈ ਤੇ ਅਪਣੇ ਨਾਮ ਦੀ ਦਾਤ ਮੈਨੂੰ ਬਖਸ਼ ਦੇ ਤਾਂ ਕਿ ਤੇਰੀ ਬੰਦਗੀ, ਤੇਰਾ ਸਿਮਰਨ ਕਰਾਂ। ਜਿਸ ਜ਼ਬਾਨ ਨੇ ਤੇਰੀ ਨਿੰਦਾ ਕੀਤੀ ਉਹ ਜ਼ਬਾਨ ਤੇਰੇ ਗੀਤ ਗਾਣੇ ਸ਼ੁਰੂ ਕਰ ਦਏ । ਗੁਰੂ ਰਾਮਦਾਸ ਪਾਤਸ਼ਾਹ ਕਹਿੰਦੇ ਦੇਖੋ ਨਿਰਵੈਰ ਸਤਿਗੁਰ ਦੀ ਵਡਿਆਈ ਜਿਸ ਬੰਦੇ ਨੇ ਸਾਰੀ ਜ਼ਿੰਦਗੀ ਗੁਰੂ ਦੀ ਨਿੰਦਾ ਕੀਤੀ ਜੇ ਅੰਤਲੇ ਸਮੇਂ ਗੁਰੂ ਦੇ ਚਰਨ ਪਕੜ ਲੈਂਦਾ ਹੈ ਗੁਰੂ ਦੀ ਸ਼ਰਣ ਚ ਆ ਕੇ ਆਪਣੇ ਗੁਨਾਹ ਬਖਸ਼ਵਾਂਦਾ ਹੈ ਤਾਂ ਮੇਰੇ ਸਤਿਗੁਰੂ ਉਸ ਨੂੰ ਗਲ ਲਾ ਲੈਂਦੇ ਹਨ। ਵੈਰ ਨਾਲ ਉਸਨੂੰ ਮਾਰਦੇ ਨਹੀਂ, ਵੈਰ ਨਾਲ ਉਸਨੂੰ ਜ਼ਲੀਲ ਨਹੀਂ ਕਰਦੇ। ਫਿਰ ਸਤਿਗੁਰ ਉਸ ਨੂੰ ਅਪਣੇ ਘਰ ਦੇ ਦਰਵਾਜੇ ਤੋਂ ਬਾਹਰ ਨਹੀਂ ਧੱਕਦੇ। ਮੇਰਾ ਸਤਿਗੁਰ ਉਸ ਸ਼ਰਣ ਆਏ ਦੇ ਪਿਛਲੇ ਗੁਨਾਹ ਮਾਫ ਕਰ ਦੇਂਦਾ ਹੈ। ਉਸ ਦੇ ਅੰਦਰ ਨੂੰ ਬਿਲਕੁਲ ਨਿਰਮਲ ਤੇ ਪਵਿਤਰ ਬਣਾ ਦੇਂਦਾ ਹੈ। ਪੁਛਿਆ ਜਿਸਨੇ ਇਤਨੇ ਗੁਨਾਹ ਕੀਤੇ, ਨਿੰਦਕ ਬੰਦਾ ਕਿਵੇਂ ਪਵਿਤਰ ਹੋ ਗਿਆ। ਗੁਰੂ ਰਾਮਦਾਸ ਜੀ ਨੇ ਇਕ ਉਦਾਹਰਣ ਲਈ ਕਹਿਣ ਲਗੇ ਦੇਖੋ ਸਿਖੋ ਜਦੋਂ ਮੀਂਹ ਪੈਂਦਾ ਹੈ ਜਿਥੇ ਮਿਟੀ ਤੇ ਸੁਆਹ ਖਿਲਰੀ ਹੈ ਮੀਂਹ ਉਥੇ ਵੀ ਪੈਂਦਾ ਹੈ ਤੇ ਜਦੋਂ ਮੀਂਹ ਪੈ ਕੇ ਪਾਣੀ ਦਾ ਪ੍ਰਵਾਹ ਬਣ ਕੇ ਪਾਣੀ ਚਲਦਾ ਹੈ। ਜਿਨ੍ਹਾਂ-ਜਿਨ੍ਹਾਂ ਥਾਵਾਂ ਤੋਂ ਪਾਣੀ ਜਾਂਦਾ ਹੈ ਜੇ ਮਿੱਟੀ ਚੋਂ ਨਿਕਲਿਆ ਮਿੱਟੀ ਨੂੰ ਨਾਲ ਲੈ ਤੁਰਿਆ, ਜੇ ਸੁਆਹ ਚੋਂ ਨਿਕਲਿਆ ਤਾਂ ਸੁਆਹ ਨੂੰ ਨਾਲ ਲੈ ਤੁਰਿਆ। ਕਹਿਣ ਤੋਂ ਭਾਵ ਉਹ ਗੰਦਗੀ ਨੂੰ ਵੀ ਨਾਲ ਲੈ ਤੁਰਦਾ ਹੈ। ਪਾਣੀ ਤਾਂ ਨਿਰਮਲ ਸੀ ਪਰ ਜਦੋਂ ਮਿਟੀ ਚ ਆ ਗਿਆ ਤਾਂ ਮਿਟੀ ਦੀ ਤਰ੍ਹਾਂ ਮੈਲਾ ਹੋ ਗਿਆ। ਇਹ ਪਾਣੀ ਜਦੋਂ ਛਪੜਾਂ ਚੋਂ, ਨਾਲਿਆਂ ਚੋਂ, ਖਡਾਂ ਚੋਂ ਨਿਕਲਿਆ, ਨਿਕਲ ਕੇ ਗੰਗਾ ਚ ਜਾ ਪੈਂਦਾ ਹੈ ਤੇ ਗੰਗਾ ਉਸ ਦੀ ਮੈਲ ਨੂੰ ਚਿਤਾਰਦੀ ਨਹੀਂ, ਉਹਦੀ ਮੈਲ ਨੂੰ ਚਿਤਾਰ ਕੇ ਅਪਣੇ ਵਿੱਚੋਂ ਬਾਹਰ ਕਢਣ ਦੀ ਕੋਸ਼ਿਸ਼ ਨਹੀਂ ਕਰਦੀ। ਪਾਣੀ ਜਿਤਨਾ ਮਰਜ਼ੀ ਗੰਦਾ ਹੋਵੇ ਗੰਗਾ ਉਸ ਨੂੰ ਆਪਣੇ ਵਿਚ ਥਾਂ ਦੇ ਕੇ ਅਪਣੀ ਤਰ੍ਹਾਂ ਪਵਿੱਤਰ ਕਰ ਲੈਂਦੀ ਹੈ। ਜੇ ਗੰਗਾ ਮੈਲੇ ਪਾਣੀ ਨੂੰ ਪਵਿੱਤਰ ਕਰਦੀ ਹੈ ਤੇ ਗੁਰੂ ਰਾਮਦਾਸ ਜੀ ਕਹਿੰਦੇ ਕਿ ਮੇਰਾ ਗੁਰੂ ਨਾਨਕ ਭਾਵੇਂ ਜਿਤਨਾ ਮਰਜ਼ੀ ਕੋਈ ਗੁਰੂ ਦਾ ਨਿੰਦਕ ਹੋਵੇ ਜੇ ਅੰਤਲੇ ਸਮੇਂ ਉਹ ਗੁਰੂ ਦੀ ਸ਼ਰਣ ਆ ਜਾਵੇ ਤੇ ਕਹੇ ਕਿ ਗੁਰੂ ਮੇਰੇ ਪਿਛਲੇ ਗੁਨਾਹੀ ਬਖਸ਼ ਦੇ, ਤਾਂ ਮੇਰਾ ਗੁਰੂ ਉਹਦੇ ਅੰਦਰ ਨੂੰ ਧੋ ਕੇ ਬਿਲਕੁਲ ਪਵਿੱਤਰ ਕਰ ਦੇਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸਤਿਗੁਰਾਂ ਨੇ ਉਸ ਪਾਵਨ ਪਰਮੇਸ਼ਰ ਨੂੰ ਪਤਿਤ ਪਾਵਨ ਵੀ ਕਿਹਾ। ਸਤਿਗੁਰ ਦਾ ਬਿਰਦ ਹੈ। ਜਿਵੇਂ ਇਕ ਬਾਲਕ ਦੀ ਚੰਚਲ ਮਤ ਹੈ, ਉਸ ਨੂੰ ਕੁਛ ਪਤਾ ਨਹੀਂ ਕਿ ਅੱਗ ਬਲਦੀ ਪਈ ਹੈ, ਜੇ ਮੈਂ ਇਸ ਦੇ ਵਿਚ ਹੱਥ ਪਾਇਆ ਮੇਰਾ ਹੱਥ ਸੜ ਜਾਵੇਗਾ। ਉਹ ਕੇ ਵਲ ਅੱਗ ਦੇ ਰੰਗ ਨੂੰ ਤਕੱਦਾ ਹੈ। ਅੱਗ ਦੀ ਉਸ ਲਾਟ ਨੂੰ ਦੇਖ ਕੇ ਸਮਝਦਾ ਹੈ ਕਿ ਸ਼ਾਇਦ ਇਸ ਨੂੰ ਮੈਂ ਅਪਣੀ ਗਲਵਕੜੀ ਚ ਲੈ ਲਵਾਂ। ਉਹ ਬੱਚਾ ਉਸ ਅੱਗ ਚ ਇਕ ਦਮ ਹੱਥ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਮਾਂ ਉਸ ਬੱਚੇ ਨੂੰ ਝਿੜਕਦੀ ਰਹਿੰਦੀ ਹੈ ਕਈ ਵਾਰ ਜੇ ਕਿਤੇ ਘਰ ਚ ਸੱਪ ਨਿਕਲਦਾ ਹੋਵੇ।



www.AKJ.Org

ਸਿਆਣੇ ਮਨੁੱਖ ਨੂੰ ਤਾਂ ਸਮਝ ਹੈ ਕਿ ਸੱਪ ਜ਼ਹਿਰ ਦਾ ਭਰਿਆ ਡੰਗ ਮਾਰੇਗਾ। ਪਰ ਬੱਚਾ ਤਾਂ ਉਸ ਨੂੰ ਖਿਲੌਣਾ ਸਮਝ ਕੇ ਉਸ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਮਾਂ-ਬਾਪ ਫਿਰ ਵੀ ਝਿੜਕਦੇ ਹਨ। ਮੇਰੇ ਸਤਿਗੁਰ ਕਹਿੰਦੇ ਹਨ ਕਿ ਬੱਚੇ ਦੀ ਚੰਚਲਮਤ ਹੈ। ਜਦੋਂ ਉਸ ਨੂੰ ਅੱਗ ਤੋਂ ਕੋਈ ਝਿੜਕਦਾ ਹੈ ਬਿਜਲੀ ਨੂੰ ਹਥ ਲਾਏ ਤਾਂ ਮਾਂ ਬਾਪ ਝਿੜਕਦ ਹਨ। ਉਸ ਵਕਤ ਤਾਂ ਬੱਚੇ ਦੇ ਮਨ ਵਿਚ ਰੋਸ ਜ਼ਰੂਰ ਹੁੰਦਾ ਹੈ ਕਿ ਮੇਰੇ ਮਾਂ ਬਾਪ ਮੈਨੂੰ ਕਿਉਂ ਡਾਂਟਦੇ ਹਨ ਪਰ ਜਦੋਂ ਸਿਆਣਪ ਆ ਜਾਏ ਤਾਂ ਸਮਝ ਪੈਂਦੀ ਹੈ ਕਿ ਮੈਂ ਗਲਤ ਸਾਂ। ਮੇਰੇ ਮਾਂ ਬਾਪ ਬਿਲਕੁਲ ਦਰੁਸਤ ਸਨ। ਜੇ ਉਹ ਮੈਨੂੰ ਡਾਂਟਦੇ ਸਨ ਤਾਂ ਮੇਰੇ ਭਲੇ ਲਈ, ਜੇ ਉਹ ਝਿੜਕਦੇ ਸਨ ਮੇਰੇ ਲਾਭ ਲਈ। ਮੇਰੇ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਜੇ ਤੂੰ ਨਿੰਦਾ ਕਰਦਾ ਹੈ, ਜੇ ਤੂੰ ਔਗੁਣ ਕਰਦਾ ਹੈ। ਜੇ ਮੇਰਾ ਸਤਿਗੁਰ ਤੈਨੂੰ ਝਿੜਕ ਵੀ ਦਏ। ਤਾਂ ਝਿੜਕ ਸੁਣ ਕੇ ਗੁਰੂ ਦਾ ਦਰ ਛਡ ਨ ਜਾਈਂ। ਜੇ ਗੁਰੂ ਝਿੜਕੇ ਤਾਂ ਇਹ ਸਮਝੀ ਜਿਵੇਂ ਬੱਚਾ ਸੱਪ ਨੂੰ, ਬਿਜਲੀ ਨੂੰ ਹੱਥ ਪਾਏ ਤਾਂ ਮਾਂ ਬਾਪ ਝਿੜਕਦੇ ਨੇ ਬੱਚੇ ਦੇ ਭਲੇ ਲਈ ਤਾਂ ਇਹ ਸਮਝੀ ਕਿ ਗੁਰੂ ਦੀ ਝਿੜਕ ਵਿਚ ਵੀ ਮੇਰਾ ਭਲਾ ਹੈ। ਹਜ਼ੂਰ ਕਹਿੰਦੇ ਹਨ ਕਿ ਗੁਰੂ ਬਖਸ਼ ਦੇਂਦਾ ਹੈ। ਜਿਤਨੀ ਮਰਜ਼ੀ ਨਿੰਦਾ ਕਰਨ ਵਾਲੇ ਹੋਣ ਗੁਰੂ ਦੀ ਨਿੰਦਾ ਕਰਨ ਵਾਲਾ ਵੀ ਉਹਦੀ ਸ਼ਰਣ ਆ ਜਾਏ ਤਾਂ ਉਸ ਦੇ ਔਗੁਣ ਗੁਰੂ ਬਖਸ਼ ਦੇਂਦਾ ਹੈ। ਸਤਿਗੁਰ ਨੇ ਬਾਣੀ ਵਿਚ ਇਹ ਕਿਹਾ ਹੈ–

"ਜੈਸਾ ਬਾਲਕੁ ਭਾਇ ਸੁਭਾਈ, ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥" (ਪੰਨਾ ੬੨੪)

ਗੁਰੂ ਝਿੜਕਦਾ ਹੈ ਉਪਦੇਸ਼ ਦੇਣ ਲਈ। ਗੁਰਦੇਵ ਨੇ ਪਹਿਲਾ ਬਚਨ ਉਪਦੇਸ਼ ਵਰਤਿਆ ਹੈ। ਝਿੜਕ ਕੇ ਫਿਰ ਗਲ ਲਾ ਲੈਂਦਾ ਹੈ। ਪਿਛਲੀਆਂ ਕੀਤੀਆਂ ਗਈਆਂ ਗਲਤੀਆਂ ਕਰਕੇ ਝਿੜਕਦਾ ਹੈ ਕਿ ਤੂੰ ਘਰ ਨੂੰ ਛਡ ਕੇ ਚਲਾ ਗਿਆ ਹੈ। ਭਾਈ ਗੁਰਦਾਸ ਜੀ ਦੀ ਵਾਰ ੨੦ ਤੇ ਪਉੜੀ ੨੦ ਚ ਲਿਖਿਆ ਹੈ। ਭਾਈ ਗੁਰਦਾਸ ਜੀ ਆਗਰੇ ਤੋਂ ਆਏ। ਉਦੋਂ ਗੁਰੂ ਅਮਰਦਾਸ ਜੀ ਤੋਂ ਬਾਦ ਗੁਰੂ ਰਾਮਦਾਸ ਜੀ ਮਹਾਰਾਜ ਗੁਰਗੱਦੀ ਤੇ ਬਿਰਾਜਮਾਨ ਹੋਏ, ਤੇ ਭਾਈ ਗੁਰਦਾਸ ਜੀ ਗੋਇੰਦਵਾਲ ਆਏ ਤਾਂ ਗੁਰੂ ਰਾਮਦਾਸ ਜੀ ਨੇ ਇਨ੍ਹਾਂ ਨੂੰ ਆਗਰੇ ਦੀ ਧਰਤੀ ਤੇ ਪ੍ਰਚਾਰ ਕਰਨ ਲਈ ਭੇਜਿਆ। ਸਤਿਗੁਰ ਤੋਂ ਬਲਿਹਾਰ ਜਾਈਏ। ਗੁਰੂ ਜਿਸ ਮਰਜ਼ੀ ਮਨੁੱਖ ਅੰਦਰ ਚਾਹੇ ਜਿਹੋ ਜਿਹਾ ਮਰਜ਼ੀ ਗੁਣ ਪੈਦਾ ਕਰ ਲਏ। ਗੁਰੂ ਹਰਿਗੋਬਿੰਦ ਸਾਹਿਬ ਦੀ ਜੀਵਨੀ ਪੜ੍ਹੋ। ਭਾਈ ਬਿਧੀ ਚੰਦ ਇਕ ਬਹਾਦਰ ਸੂਰਮਾ ਸੀ। ਇਹ ਗੁਰੂ ਹਰਿਗੋਬਿੰਦ ਸਾਹਿਬ ਦਾ ਸੀਨਾ ਬੰਣ ਗਿਆ। ਉਸ ਨੇ ਇਤਨੀ ਕਮਾਈ ਕੀਤੀ ਬਾਣੀ ਤੋਂ ਬਿਨਾਂ ਦੂਜੀ ਗਲ ਹੀ ਨਹੀਂ ਸੀ ਕਰਦਾ। ਕਈ ਬੰਦਿਆਂ ਦੇ ਜੀਵਨ ਚ ਥੋੜੀ ਵੀ ਠੋਕਰ ਲਗੇ ਤਾਂ ਉਨ੍ਹਾਂ ਦਾ ਜੀਵਨ ਤਬਦੀਲ ਹੋ ਜਾਂਦਾ ਹੈ। ਭਾਈ ਬਿਧੀ ਚੰਦ ਲੜਾਕਾ ਹੈ। ਦੁਸ਼ਮਣ ਦੇ ਦੰਦ ਖਟੇ ਕਰ ਦਿੰਦਾ ਹੈ ਉਸ ਦੇ ਨਾਲ ਜੰਗ ਵਿਚ ਦੁਸ਼ਮਣ ਨੂੰ ਮੂੰਹ ਦੀ ਖਾਣੀ ਪੈਂਦੀ। ਸਤਿਗੁਰ ਦੀ ਲੀਲਾ ਅਚਰਜ ਹੈ। ਜਿਹੜਾ ਬੰਦਾ ਘੋੜੇ ਦੁੜਾਂਦਾ ਹੈ, ਜਿਹੜਾ ਕਿਰਪਾਨ ਚਲਾਂਦਾ ਹੈ। ਜਿਹੜਾ ਬੰਦਾ ਦੁਸ਼ਮਣ ਦੀ ਧੌਣ ਮਰੋੜਦਾ ਹੈ। ਉਸ ਨੂੰ ਆਪਣੇ ਪ੍ਰਚਾਰਕ ਬਣਾ ਕੇ ਤੋਰਦਾ ਹੈ। ਜਿਸ ਭਾਈ ਗੁਰਦਾਸ ਨੇ ਸਾਰੀ ਜ਼ਿੰਦਗੀ ਪ੍ਰਚਾਰ ਕੀਤਾ ਉਸਨੂੰ ਘੋੜਿਆਂ ਦਾ ਵਪਾਰ ਕਰਨ ਲਈ ਕਾਬਲ ਦੀ ਧਰਤੀ ਤੇ ਤੋਰਦਾ ਹੈ। ਪ੍ਰਚਾਰਕ ਨੂੰ ਵਪਾਰੀ ਪਿਆ ਬਣਾਂਦਾ ਹੈ। ਜਦੋਂ ਗੁਰੂ ਰਾਮਦਾਸ ਜੀ ਦਾ ਅੰਤਲਾ ਸਮਾਂ ਆਇਆ ਤਾਂ ਭਾਈ ਗੁਰਦਾਸ ਜੀ ਉਦੋਂ ਆਗਰੇ ਦੀ ਧਰਤੀ ਤੋਂ ਵਾਪਸ ਆਏ। ਗੁਰੂ ਅਰਜਨ ਸਾਹਿਬ ਸੱਚੇ ਪਿਤਾ ਉਸ ਵਕਤ ਗੁਰਗੱਦੀ ਤੇ ਬਿਰਾਜਮਾਨ ਸਨ। ਜਦੋਂ ਭਾਈ ਸਾਹਿਬ ਨੇ ਬਿਆਸ ਦਰਿਆ ਪਾਰ ਕੀਤਾ ਤੇ ਗੋਇੰਦਵਾਲ ਦੀ ਧਰਤੀ ਤੇ ਪ੍ਰਵੇਸ਼ ਕਰ ਗਏ। ਉਥੇ ਛੋਟੇ ਛੋਟੇ ਬੱਚੇ ਬੰਟੇ ਖੇਡਦੇ ਪਏ ਸਨ। ਭਾਈ ਗੁਰਦਾਸ ਜੀ ਨੇ ਉਨ੍ਹਾਂ ਦੇ ਮੁਖ ਤੋਂ ਬਚਨ ਸੁਣੇ ਤੇ ਉਨ੍ਹਾਂ ਬਚਿਆਂ ਦੇ ਚਰਨਾਂ ਦੀ ਧੂੜ ਮੱਥੇ ਤੇ ਲਾਈ। ਕਹਿਣ ਲਗੇ ਜਿਨ੍ਹਾਂ ਦੇ ਅੰਦਰ ਇਸ ਉਮਰ ਚ ਇਤਨਾ ਗੁਰੂ ਰਚਿਆ ਹੋਇਆ ਹੈ। ਵਡੇ



www.AKJ.Org

ਹੋ ਕੇ ਇਹ ਬ੍ਰਹਮਗਿਆਨੀ ਕਿਉਂ ਨਹੀ ਬਨਣਗੇ। ਕੀ ਦੇਖਿਆ ਕਿਸੇ ਬੱਚੇ ਦੀ ਉਮਰ 5 ਸਾਲ, ਕਿਸੇ ਦੀ 7 ਸਾਲ ਤੇ ਕਿਸੇ ਦੀ ੯ ਸਾਲ ਹੈ। ਜਦੋਂ ਇਹ ਆਪਸ ਚ ਬੰਟੇ ਖੇਡਦੇ ਹਨ ਤਾਂ ਕੋਈ ਨਿਸ਼ਾਨਾ ਲਗਾਂਦਾ ਹੈ ਤੇ ਕੋਈ ਨਹੀਂ ਕਹਿੰਦਾ ਨਿਸ਼ਾਨਾ ਮੈ ਮਾਰਿਆ, ਇਕੋ ਗਲ ਕਹਿੰਦੇ ਹਨ, ਇਹ ਮਾਰਾ ਗੁਰੂ ਕੇ ਨਾਮ ਪੇ। ਇਹ ਮਾਰਾ ਗੁਰੂ ਕੇ ਨਾਮ ਪੇ। ਜਿਨ੍ਹਾਂ ਬਚਿਆਂ ਨੂੰ ਬੰਟੇ ਖੇਡਦਿਆਂ ਇਤਨਾ ਭਰੋਸਾ ਹੈ ਕਿ ਗੁਰੂ ਦੇ ਨਾਂ ਤੇ ਨਿਸ਼ਾਨਾ ਕਦੇ ਖਾਲੀ ਨਹੀਂ ਜਾਂਦਾ, ਇਨ੍ਹਾਂ ਬੱਚਿਆਂ ਅੰਦਰ ਗੁਰੂ ਲਈ ਕਿਤਨਾ ਵਿਸ਼ਵਾਸ ਹੈ। ਉਸ ਭਾਈ ਗੁਰਦਾਸ ਜੀ ਨੇ ਗੁਰੂ ਦੀ ਉਪਮਾ ਕੀਤੀ ਕਹਿਣ ਲਗੇ ਮੇਰਾ ਸਤਿਗੁਰ ਕਿਵੇਂ ਪਾਂਧੀਆਂ ਨੂੰ ਬਖਸ਼ ਦੇਂਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਪਾਰਸ ਲੋਹੇ ਦੀ ਧਾਤ ਨਾਲ ਛੁਹ ਜਾਏ ਤੇ ਉਸਨੂੰ ਵੀ ਸੋਨਾ ਬਣਾ ਦੇਂਦਾ ਹੈ। ਭਾਈ ਸਾਹਿਬ ਕਹਿੰਦੇ ਕਦੇ ਸੁਣਿਆ ਕਿ ਸੜਿਆ ਹੋਇਆ ਲੋਹਾ ਜਿਹੜਾ ਕਿ ਮਨੂਰ ਹੈ। ਮਨੂਰ ਨੂੰ ਪਾਰਸ ਨਾਲ ਛੁਹਾ ਦੇਈਏ ਤੇ ਉਹ ਵੀ ਸੋਨਾ ਬਣ ਜਾਏ। ਕਦਾਚਿਤ ਨਹੀਂ, ਲੋਹੇ ਨੂੰ ਤਾਂ ਸੋਨਾ ਬਣਾ ਸਕਦਾ ਹੈ। ਭਾਈ ਸਾਹਿਬ ਕਹਿੰਦੇ ਹਨ ਕਿ ਪਾਰਸ ਚ ਏਨੀ ਤਾਕਤ ਨਹੀਂ ਕਿ ਸੜੇ ਹੋਏ ਲੋਹੇ ਨੂੰ, ਮਨੂਰ ਨੂੰ ਸੋਨਾ ਬਣਾ ਦਏ। ਪਰ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਚ ਏਨੀ ਤਾਕਤ ਹੈ ਜਿਸ ਬੰਦੇ ਦਾ ਮਨ ਸੜ ਚੁਕਾ ਹੈ ਜੇ ਕਿਤੇ ਗੁਰੂ ਪਾਰਸ ਕੋਲ, ਉਸ ਦੀ ਸ਼ਰਣ ਚ ਆ ਜਾਏ ਇਹ ਉਸ ਨੂੰ ਵੀ ਸੋਨਾ ਬਣਾ ਦੇਂਦਾ ਹੈ। ਗੁਰੂ ਪਾਤਸ਼ਾਹ ਕਹਿੰਦੇ ਹਨ ਕਿ ਜੇ ਨਿੰਦਕ ਵੀ ਗੁਰੂ ਦੀ ਸ਼ਰਣ ਚ ਆ ਜਾਵੇ ਤਾਂ ਗੁਰੂ ਉਸ ਨੂੰ ਅਪਣੇ ਨਾਲ ਜੋੜ ਲੈਂਦਾ ਹੈ। ਮਨੂਰ ਨੂੰ ਪਾਰਸ ਤਾਂ ਸੋਨਾ ਨਹੀਂ ਬਣਾ ਸਕਦਾ। ਪਰ ਮਨੂਰ ਦੀ ਤਰ੍ਹਾਂ ਸੜੇ ਹੋਏ ਮਨ ਨੂੰ ਗੁਰੂ ਕੰਚਨ ਦੀ ਤਰ੍ਹਾਂ ਸ਼ੁੱਧ ਕਰ ਦੇਂਦਾ ਹੈ। ਭਾਈ ਸਾਹਿਬ ਕਹਿੰਦੇ ਨੇ ਕਿ ਬਾਂਸ ਦਾ ਰੁਖ, ਚੰਦਨ ਨਾਲ ਆਪਸ ਵਿਚ ਖਹਿੰਦਾ ਹੈ। ਜਿਥੇ ਦੋ ਰੁਖ ਨੇ, ਉਥੇ ਅੱਗ ਪੈਦਾ ਕਰਦੇ ਨੇ। ਚੰਦਨ ਦੇ ਨੇੜੇ ਵੀ ਬਾਂਸ ਪੈਦਾ ਹੋ ਜਾਏ ਤੇ ਬਾਂਸ ਚੰਦਨ ਦੇ ਨੇੜੇ ਸਾਰੀ ਜਿੰਦਗੀ ਭੋਗ ਕੇ ਚਲਾ ਜਾਏ ਪਰ ਉਸ ਵਿਚ ਚੰਦਨ ਵਰਗੀ ਮਹਿਕ ਕਦੀ ਨਹੀਂ ਆਉਂਦੀ। ਕਦੀ ਉਹ ਚੰਦਨ ਵਰਗਾ ਸੁਖ ਨਹੀਂ ਦੇਂਦਾ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਚੰਦਨ ਤੇਰੇ ਵਿਚ ਏਨੀ ਸਮਰਥਾ ਨਹੀਂ ਕਿ ਤੂੰ ਬਾਂਸ ਅੰਦਰ ਅਪਣੀ ਸੁਗੰਧ ਪੈਦਾ ਕਰ ਸਕੇ। ਪਰ ਮੇਰੇ ਗੁਰੂ ਦੀ ਬਾਣੀ ਇਹੋ ਜਿਹੀ ਚੰਦਨ ਹੈ ਜੇ ਬਾਂਸ ਵਰਗੀ ਬਿਰਤੀ ਵਾਲਾ ਮਨੁਖ ਵੀ ਗੁਰੂ ਕੋਲ ਆ ਜਾਏ ਤੇ ਗੁਰੂ ਉਸ ਬਾਂਸ ਚ ਵੀ ਆਪਣੇ ਨਾਮ ਦੀ ਵਾਸਨਾ ਪੈਦਾ ਕਰ ਦੇਂਦਾ ਹੈ। ਉਸ ਨਿੰਦਕ ਵਿਚ ਆਪਣੇ ਨਾਮ ਦੀ ਮਹਿਕ ਪੈਦਾ ਕਰ ਦੇਂਦਾ ਹੈ। ਇਹ ਪਾਰਸ ਲੋਹੇ ਦੀ ਧਾਤ ਨੂੰ ਹੀ ਸੋਨਾ ਬਣਾ ਸਕਦਾ ਹੈ ਪਰ ਮਨੂਰ ਨੂੰ ਨਹੀਂ। ਮੇਰਾ ਗੁਰੂ ਸੜੇ ਹੋਏ ਮਨਾ ਨੂੰ ਵੀ ਆਪਣੇ ਵਰਗੇ ਬਣਾ ਸਕਦਾ ਹੈ। ਸ਼ੁਧ ਬਣਾ ਦੇਂਦਾ ਹੈ। ਚੰਦਨ ਤੇਰੇ ਵਿਚ ਮਹਿਕ ਜਰੂਰ ਹੈ ਪਰ ਬਾਂਸ ਤਾਂ ਤੇਰੇ ਤੋਂ ਮਹਿਕ ਨਹੀਂ ਲੈ ਸਕਿਆ। ਗੁਰੂ ਕੋਲ ਇਹੋ ਜਿਹੀ ਸੁਗੰਧੀ ਹੈ ਬਾਂਸ ਵਰਗੇ ਅਹੰਕਾਰੀਆਂ ਦੇ ਅੰਦਰ ਨੂੰ ਵੀ ਧੋ ਦੇਂਦਾ ਹੈ। ਸਿੰਬਲ ਨੂੰ ਅਸੀਂ ਮਾੜਾ ਕਹਿੰਦੇ ਹਾਂ। ਸਿੰਬਲ ਬਹੁਤ ਉਚਾ ਹੈ। ਇਸ ਨੂੰ ਫਲ ਵੀ ਅਤੇ ਫੁਲ ਵੀ ਲਗਦੇ ਹਨ ਪਰ ਏਨੀ ਉਚਾਈ ਤੇ ਲਗੇ ਫਲਾਂ ਤੇ ਫੁਲਾਂ ਨੂੰ ਕੀ ਕਰਨਾ ਇਹਦੇ ਅੰਦਰ ਕਦੀ ਰਸ ਨਹੀਂ ਭਰਿਆ। ਭਾਈ ਸਾਹਿਬ ਕਹਿੰਦੇ ਹਨ ਕਿਤੇ ਪਾਰਜਾਤ ਰੁਖ ਕੋਲ ਵੀ ਸਿੰਬਲ ਨੂੰ ਲਾ ਦੇਈਏ ਤਾਂ ਪਾਰਜਾਤ ਰੁਖ ਅੰਦਰ ਵੀ ਏਨੀ ਤਾਕਤ ਨਹੀਂ ਉਹ ਸਿੰਬਲ ਚ ਰਸ ਪੈਦਾ ਕਰ ਸਕੇ। ਮੇਰਾ ਗੁਰੂ ਪਾਰਜਾਤ ਤੋਂ ਵੀ ਉਤਮ ਹੈ, ਜਿਸ ਕੋਲ ਸਿੰਬਲ ਦੀ ਤਰ੍ਹਾਂ ਬੇਰਸਾ ਬੰਦਾ ਵੀ ਆ ਜਾਏ ਤੇ ਮੇਰਾ ਗੁਰੂ ਉਸ ਦੇ ਜੀਵਨ ਚ ਰਸ ਭਰ ਕੇ ਉਸ ਦੇ ਅੰਦਰ ਮਿਠਾਸ ਭਰ ਦੇਂਦਾ ਹੈ। ਮੇਰਾ ਗੁਰੂ, ਜਿਹੜੇ ਕਦੇ ਨਹੀਂ ਭਿਜਦੇ ਉਨ੍ਹਾਂ ਨੂੰ ਵੀ ਬਾਣੀ ਚ ਭਿਉਂ ਦੇਂਦਾ ਹੈ। ਮਾਨ ਸਰੋਵਰ ਦੇ ਕੰਢੇ ਹੰਸ ਬੈਠਾ ਹੈ। ਹੰਸ ਦਾ ਕੰਮ ਹੈ ਮੋਤੀ ਚੁਗਣਾ। ਦੁੱਧ ਤੇ ਪਾਣੀ ਨੂੰ ਵਖ-ਵਖ ਕਰ ਦੇਣਾ। ਪਰ ਜੇ ਕਿਤੇ ਮਾਨਸਰੋਵਰ ਦੇ ਕੰਢੇ ਕਾਂ ਜਾਂ ਬਗਲਾ ਆ ਕੇ ਬੈਠ ਜਾਏ। ਮਾਨ ਸਰੋਵਰ ਤੂੰ ਹੰਸ ਨੂੰ ਇਤਨਾ ਸੁਖ ਦੇਂਦਾ ਹੈ ਤੇਰੇ ਕਿਨਾਰੇ ਬੈਠਣ ਵਾਲੇ ਜਿਸ ਨੂੰ ਮੋਤੀ ਖਾਣ ਦੀ ਜਾਚ ਹੈ। ਦੁੱਧ ਤੇ ਪਾਣੀ ਨੂੰ ਵਖ ਕਰ



www.AKJ.Org

ਸਕਦਾ ਹਾਂ ਸਾਨੂੰ ਵੀ ਹੰਸ ਦੀ ਤਰ੍ਹਾਂ ਜੀਵਨ ਦੇ ਦੇ। ਮਾਨ ਸਰੋਵਰ ਇਕ ਗਲ ਕਹਿੰਦਾ ਹੈ। ਸਜਣੋ ਮੈਂ ਹੀਰੇ ਮੋਤੀ ਤਾਂ ਦੇ ਸਕਦਾ। ਪਰ ਮੈਂ ਹੰਸ ਵਰਗਾ ਜੀਵਨ ਨਹੀਂ ਦੇ ਸਕਦਾ। ਮੇਰੀ ਕੋਈ ਸਮਰਥਾ ਨਹੀਂ ਕਿ ਮੈਂ ਕਾਵਾਂ ਤੇ ਬਗਲਿਆਂ ਨੂੰ ਹੰਸ ਬਣਾ ਸਕਾਂ। ਭਾਈ ਗੁਰਦਾਸ ਜੀ ਕਹਿੰਦੇ ਹਨ ਕਦੀ ਗੁਰੂ ਦੀ ਬਾਣੀ ਦੇ ਨੇੜੇ ਹੋਇਆਂ ? ਇਹ ਮਾਨਸਰੋਵਰ ਹੈ। ਇਥੇ ਹੰਸ ਤਾਂ ਮੋਤੀ ਚੁਗਣ ਆਂਦੇ ਨੇ। ਉਨ੍ਹਾਂ ਨੂੰ ਇਤਨੀ ਸਮਝ ਕਰਾ ਦਿਤੀ ਸਤਿਗੁਰ ਨੇ। ਉਹ ਦੇਹ ਤੇ ਆਤਮਾ ਨੂੰ ਵਖ-ਵਖ ਜਾਣਦੇ ਨੇ। ਇਸ ਮਾਨਸਰੋਵਰ ਦੇ ਨੇੜੇ ਜੇ ਕਾਂ ਤੇ ਬਗਲਿਆਂ ਦੀ ਬਿਰਤੀ ਵਾਲੇ ਵੀ ਆ ਜਾਣ ਤੇ ਮੇਰਾ ਗੁਰੂ ਉਨ੍ਹਾਂ ਨੂੰ ਵੀ ਹੰਸ ਬਣਾ ਦੇਂਦਾ ਹੈ। ਇਸ ਮਾਨਸਰੋਵਰ ਕੋਲ ਇਤਨੀ ਤਾਕਤ ਹੈ। ਕਿ ਕਾਂ ਤੇ ਬਗਲੇ ਨੂੰ ਹੰਸ ਬਣਾ ਦੇਂਦਾ ਹੈ। ਇਹ ਦੁੱਧ ਤੇ ਪਾਣੀ ਵਖ ਕਰ ਸਕਦੇ ਹਨ। ਕਦੇ ਤੀਰਥ ਤੇ ਜਾਉ ਮਨੁੱਖ ਇਸ਼ਨਾਨ ਕਰਦਾ ਹੈ। ਤੀਰਥ ਪਿੰਡੇ ਦੀ ਮੈਲ ਨੂੰ ਉਤਾਰ ਸਕਦਾ ਹੈ। ਪਰ ਤੀਰਥ ਵਿਚ ਇੰਨੀ ਤਾਕਤ ਨਹੀਂ ਕਿ ਉਸ ਚ ਪਸ਼ੂ ਤੇ ਪਰੇਤ ਇਸ਼ਨਾਨ ਕਰਨ ਤੇ ਉਨ੍ਹਾਂ ਨੂੰ ਉਹ ਤੀਰਥ, ਦੇਵਤੇ ਬਣਾ ਦੇਵੇ ਉਸ ਚ ਏਨੀ ਸਮਰਥਾ ਨਹੀਂ। ਸਤਿਗੁਰ ਇਹੋ ਜਿਹਾ ਤੀਰਥ ਹੈ ਇਸ ਵਿਚ ਪਸ਼ੂ-ਪਰੇਤ ਵੀ ਇਸ਼ਨਾਨ ਕਰਨ ਉਨ੍ਹਾਂ ਨੂੰ ਵੀ ਦੇਵਤੇ ਬਣਾ ਦੇਂਦਾ ਹੈ। ਗੁਰੂ ਅਮਰਦਾਸ ਪਾਤਸ਼ਾਹ ਕਹਿੰਦੇ ਜੇ ਕੋਈ ਨਿੰਦਕ ਗੁਰੂ ਦੀ ਸ਼ਰਣ ਆ ਜਾਵੇ ਤਾਂ ਸਤਿਗੁਰ ਉਸ ਨੂੰ ਵੀ ਬਖਸ਼ ਦੇਂਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ:—

"ਸਤਿਗੁਰ ਪਾਰਸ ਪਰਸਿਐ, ਕੰਚਨੁ ਕਰੈ ਮਨੂਰ ਮਲੀਣਾ"॥

ਮੈਲ ਨਾਲ ਭਰੇ ਮਨੂਰ ਨੂੰ ਕੰਚਨ ਕਰ ਦਿਤਾ।

"ਗੁਰ ਤੀਰਥ ਦਰੀਆਉ ਹੈ, ਪਸੂ ਪਰੇਤ ਕਰੈ ਪਰਬੀਣਾ"

ਜਿਹੜਾ ਮਨ, ਨਿੰਦਕ, ਕਦੀ ਵੀ ਭਿਜਦਾ ਨਹੀਂ ਮੇਰਾ ਸਤਿਗੁਰ ਉਸ ਅਪਤੀਜ ਮਨ ਨੂੰ ਵੀ ਗੁਰ ਸ਼ਬਦ ਵਿਚ ਭਿਉਂ ਦਿੰਦਾ ਹੈ। ਉਸ ਨਾਮ ਵਿਚ ਭਿਜਣ ਦੀ ਜਾਚ ਦਸਦਾ ਹੈ। ਧੰਨ ਗੁਰੂ ਅਰਜਨ ਸਾਹਿਬ ਜਦੋਂ ਗੁਰੂ ਦੀ ਉਪਮਾ ਕੀਤੀ ਤਾਂ ਇਹੀ ਬਚਨ ਕੀਤੇ। ਗੁਰੂ ਨਾਨਕ ਸਾਹਿਬ ਤੇਰੇ ਬਚਨਾਂ ਨੂੰ ਜਦੋਂ ਅਸੀਂ ਪੜਦੇ ਹਾਂ, ਤਾਂ ਸਮਝ ਪੈਂਦੀ ਹੈ ਕਿ ਜਿਹੜੇ ਬੰਦੇ ਨਿਰਗੁਣ ਨੇ, ਜਿੰਨ੍ਹਾਂ ਨੂੰ ਕੋਈ ਨਹੀ ਜਾਣਦਾ। ਜਿਹੜੇ ਦਿਨ ਰਾਤ ਝਗੜਾ ਕਰਦੇ ਨੇ। ਜਿਹੜੇ ਕਈ ਜਨਮਾਂ ਦੇ ਭਟਕੇ ਨੇ। ਜਿਨ੍ਹਾਂ ਦੇ ਅੰਦਰ ਕਦੀ ਵੀ ਟਿਕਾਉ ਨਹੀਂ, ਜੇ ਉਹ ਨਿੰਦਕ ਤੇਰੇ ਬਚਨਾਂ ਨਾਲ ਜੁੜ ਜਾਣ ਉਨ੍ਹਾਂ ਦੀ ਸੰਗਤ ਕਰਨ ਨਾਲ ਉਨ੍ਹਾਂ ਦੀ ਕੁਲ ਵੀ ਤਾਰ ਦੇਂਦਾ ਹੈ। ਸਾਹਿਬ ਨੇ ਤਾਂ ਹੀ ਕਿਹਾ ਹੈ :-

"ਸਤਿਗੁਰ ਬਚਨ ਤੁਮਾਰੇ ॥ ਨਿਰਗੁਣ ਨਿਸਤਾਰੇ॥੧॥ ਰਹਾਉ॥
ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ॥੧॥
ਜਨਮ ਭਵੰਤੇ ਨਰਕਿ ਪੜੰਤੇ, ਤਿਨ ਕੇ ਕੁਲ ਉਧਾਰੇ॥੨॥
ਕੋਇ ਨ ਜਾਨੈ ਕੋਇ ਨ ਮਾਨੈ, ਸੇ ਪਰਗਟੁ ਹਰਿ ਦੁਆਰੇ॥੩॥
ਕਵਨ ਉਪਮਾ ਦੇਉ ਕਵਨ ਵਡਾਈ, ਨਾਨਕ ਖਿਨੁ ਖਿਨੁ ਵਾਰੇ॥੪॥੧॥੧੪੧॥ (ਪੰਨਾ ੪੦੬)

ਉਨ੍ਹਾਂ ਨਿੰਦਕਾਂ ਨੂੰ ਵੀ ਤੇਰੇ ਬਚਨ ਰਬ ਦੀ ਦਰਗਾਹ ਵਿਚ ਪਰਵਾਨ ਕਰਵਾ ਦਿੰਦੇ ਹਨ, ਕਿਉਂਕਿ ਤੇਰੇ ਵਿਚ ਸਮਰਥਾ ਹੈ ਕਿ ਨਿੰਦਕ ਨੂੰ ਵੀ ਆਪਣੇ ਵਿਚ ਮਿਲਾ ਕੇ ਪਵਿਤਰ ਕਰ ਦੇਵੇਂ। ਧੰਨ ਗੁਰੂ ਨਾਨਕ ਸਾਹਿਬ ਨੇ ਇਹੀ ਬਚਨ ਕਿਹਾ ਸੀ। ਕਹਿਣ ਲਗੇ ਕਿ ਗੱਲਾਂ ਕਰ ਕੇ ਕੋਈ ਮਨੁਖ ਸਿਆਣਾ ਹੋਵੇ, ਜਿਸ ਦੇ ਪਲੇ ਜੀਵਨ ਨ ਹੋਵੇ, ਬਾਹਰੋਂ ਗਲਾ ਕਰੇ। ਜਿਹੜਾ ਅੰਦਰੋਂ ਹੋਵੇ ਅਤਿ ਦਾ ਕਾਲਾ, ਵਿਕਾਰਾਂ ਨਾਲ ਭਰਿਆ, ਬਾਹਰੋਂ ਲੋਕਾਂ ਨੂੰ ਦਿਖਾਵਾ ਕਰੇ, ਭੁਲੇਖਾ ਪਾਏ, ਤੇ ਕਹੇ ਕਿ ਮਹਾਂਪੁਰਸ਼ ਹਾਂ। ਰੀਸਾਂ ਕਰੇ ਉਨ੍ਹਾਂ ਦੀਆਂ ਜਿਹੜੇ ਵਾਕਈ ਪ੍ਰੀਤਮ ਦੇ ਰੰਗ ਵਿਚ ਰੰਗੇ ਨੇ। ਇਹੋ ਜਿਹਾ ਨੀਚ ਕਰਮੀ ਵੀ ਗੁਰੂ ਦੀ ਸ਼ਰਣ ਚ, ਗੁਰੂ ਦੇ ਚਰਨਾਂ ਵਿਚ ਆ ਜਾਏ ਉਸ ਨੂੰ ਵੀ ਗੁਰੂ ਪਵਿਤਰ ਕਰ ਦੇਂਦਾ ਹੈ ਹਜ਼ੂਰ ਦੇ ਬਚਨ ਅਸੀਂ ਪੜਦੇ ਹਾਂ।



www.AKJ.Org

ਗੱਲੀ ਅਸੀ ਚੰਗੀਆ, ਆਚਾਰੀ ਬੁਰੀਆਹ ॥ਮਨਹੁ ਕੁਸੁਧਾ ਕਾਲੀਆ, ਬਾਹਰਿ ਚਿਟਵੀਆਹ॥
ਰੀਸਾ ਕਰਿਹ ਤਿਨਾੜੀਆ, ਜੋ ਸੇਵਹਿ ਦਰੁ ਖੜੀਆਹ॥ ਨਾਲਿ ਖਸਮੈ ਰਤੀਆ, ਮਾਣਹਿ ਸੁਖਿ ਰਲੀਆਹ॥
ਹੋਦੈ ਤਾਣਿ ਨਿਤਾਣੀਆ, ਰਹਹਿ ਨਿਮਾਨਣੀਆਹ॥ ਨਾਨਕ ਜਨਮੁ ਸਕਾਰਥਾ, ਜੇ ਤਿਨ ਕੈ ਸੰਗਿ ਮਿਲਾਹ॥੨॥(ਪੰਨਾ ੮੫)

ਇਸ ਸਲੋਕ ਵਿਚ ਆਪਣੇ ਆਪ ਨੂੰ ਸੰਬੋਧਨ ਕੀਤਾ। ਅਖੀਰ ਤੇ ਇਹੀ ਸਮਝਣਾ ਕਿ ਦਾਤਿਆ ਤੇਰੀ ਮੰਜ਼ਿਲ ਮਿਲ ਜਾਏ ਮੈਂ ਸਮਝਾਂਗਾ ਮੇਰੇ ਵਰਗਾ ਪਾਪੀ ਜ਼ਰੂਰ ਤਰ ਜਾਏਗਾ। ਪਹਿਲਾਂ ਆਪਣਾ ਜ਼ਿਕਰ ਕੀਤਾ ਮੈਂ ਕੀ ਹਾਂ। ਮਨ ਦੇ ਕਾਲੇ ਹਾਂ ਉਤੋ ਚਿੱਟੇ ਹਾਂ ਕਿਥੇ ਹਾਂ, ਗੱਲਾਂ ਕਰਕੇ ਧਰਮਾਤਮਾ ਹਾਂ, ਉਂਝ ਪਾਪੀ ਹਾਂ। ਗੱਲਾਂ ਉਨ੍ਹਾਂ ਦੀਆਂ ਕਰਦੇ ਹਾਂ ਜਿਨ੍ਹਾਂ ਕੋਲ ਮਨ ਕਰਕੇ ਤਾਕਤ ਹੈ, ਉਂਝ ਨਿਮਾਣੇ ਹਨ। ਜਿਹੜੀਆਂ ਨਿਮਾਣੀਆਂ ਨੇ, ਜਿਹੜੇ ਤੇਰੇ ਰੰਗ ਚ ਰਤੀਆਂ ਨੇ ਗੁਰੂ ਨਾਨਕ ਸਾਹਿਬ ਕਹਿੰਦੇ ਸਜਣਾ ਜੇ ਵਾਕਈ ਤੂੰ ਮਨੋਂ ਮੰਨਦਾ ਹੈ ਕਿ ਮੇਰੇ ਅੰਦਰ ਵਾਕਈ ਕਾਲਖ ਹੈ। ਤੂੰ ਰੀਸ ਕਰਦਾ ਹੈ। ਰੀਸ ਛਡ ਕੇ ਇਕੋ ਗਲ ਕਹਿ "ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥" ਕਿਰਪਾ ਕਰਕੇ ਮੈਨੂੰ ਉਨ੍ਹਾਂ ਦੀ ਸੰਗਤ ਬਖਸ਼। ਤੇ ਦਾਤਿਆ ਉਨ੍ਹਾਂ ਦੀ ਸੰਗਤ ਕਰਕੇ ਆਪਣੇ ਆਪ ਨੂੰ ਪਵਿੱਤਰ ਕਰ ਲਵਾਂ। ਗੁਰੂ ਬਿਲਾਸ ਪਾਤਸ਼ਾਹੀ ਛੇਵੀਂ ਗੁਰੂ ਹਰਿ ਗੋਬਿੰਦ ਸਾਹਿਬ ਨੇ ਲਿਖਿਆ ਜਦੋਂ ਗੁਰੂ ਨਾਨਕ ਦੇਵ ਜੀ ਕੋਲ ਕੋਈ ਨਾਮ ਜਪਣ, ਕਮਾਈ ਕਰਨ ਆਉਂਦਾ ਤਾਂ ਉਸ ਨੂੰ ਕਹਿੰਦੇ ਸਨ ਅਜ ਤੋਂ ਬਾਦ ਦੁਨੀਆਂ ਨੂੰ ਮਿਲਣਾ ਘਟ, ਬੋਲਣਾ ਘਟ, ਖਾਣਾ ਘਟ ਤੇ ਜਦੋਂ ਕਮਾਈ ਕਰੇਗਾ ਆਪਣੇ ਆਪ ਨੂੰ ਲੁਕਾ ਲਈ, ਨਹੀਂ ਤੇ ਯਾਦ ਰਖੀ ਤੇਰੇ ਪੱਲੇ ਉਤਨੇ ਦਾਣੇ ਨਹੀਂ ਰਹਿਣੇ ਜਿਤਨੇ ਦੁਨੀਆਂ ਨੇ ਖੋਹ ਲੈਣੇ ਹਨ ਕਮਾਈ ਕਰਕੇ ਆਪਣੇ ਅੰਦਰ ਹੀ ਲੁਕਾਈਂ। ਪਰਗਟ ਨ ਕਰੀ ਮੈਂ ਕਿਤਨੀ ਕਮਾਈ ਕਰਦਾ ਸਾਂ।

ਕਰਤਾਰ ਪੁਰ ਦੀ ਜੰਗ ਹੈ ਸਤਿਗੁਰ ਉਚੀ ਟਿੱਬੀ ਤੇ ਬੈਠੇ ਨੇ ਤੇ ਸਾਹਮਣਿਉਂ ਦੇਖਦੇ ਨੇ ਉਹ ਮਲੂੱਖ ਘੋੜੇ ਤੇ ਤੁਰਿਆ ਆਉਂਦਾ ਹੈ ਜਿਸ ਯਤੀਮ ਨੂੰ ਆਪਣੇ ਹੱਥਾਂ ਨਾਲ ਰੋਟੀ ਖੁਆਈ ਸੀ, ਜਿਸ ਯਤੀਮ ਦੇ ਸਿਰ ਤੇ ਮਾਂ ਬਾਪ ਨਹੀਂ। ਅਪਣੇ ਪੰਜਾਂ ਪੁਤਰਾਂ ਦੇ ਨਾਲ ਛੇਵਾਂ ਪੁਤਰ ਸਮਝ ਕੇ ਪਾਲਿਆ। ਪੰਜਾਂ ਪੁਤਰਾਂ ਦੀ ਪੁਸ਼ਾਕ ਬਣਨੀ ਤੇ ਛੇਵੀਂ ਉਸ ਪੈਂਦੇ ਦੀ ਬਣਨੀ। ਉਸ ਨੂੰ ਵੀ ਘੋੜਾ ਦਿਤਾ ਗਿਆ। ਪੰਜਾਂ ਨੂੰ ਸੋਹਣਾ ਭੋਜਨ ਦੇਣਾ ਤੇ ਉਸ ਨੂੰ ਵੀ ਉਨ੍ਹਾਂ ਵਰਗਾ ਭੋਜਨ ਦੇਣਾ। ਖਾਣ ਪੀਣ ਨੂੰ ਬਦਾਮ ਦਿਤੇ। ਅਜ ਉਹ ਬੰਦਾ ਇਤਨਾ ਹੰਕਾਰੀ ਹੋ ਗਿਆ। ਸਾਹਮਣੇ ਗੁਰੂ ਹਰਿਗੋਬਿੰਦ ਸਾਹਿਬ ਦੇ ਗਿਆ ਤੇ ਕਹਿਣ ਲਗਾ ਤੁਸੀਂ ਮੇਰੇ ਨਾਲ ਦੋ ਹਥ ਕਿਉਂ ਨਹੀਂ ਕਰ ਲੈਂਦੇ। ਐਵੇਂ ਬਿਗਾਨੇ ਪੁਤਰ ਲੋਕਾਂ ਦੇ ਮਰਵਾਂਦੇ ਪਏ ਹੋ। ਧੰਨ ਗੁਰੂ ਹਰਿਗੋਬਿੰਦ ਸਾਹਿਬ ਨੇ ਜਿਹੜੇ ਬਚਨ, ਬੜੇ ਕਮਾਲ ਦੇ, "ਬਰਖੁਰਦਾਰ ਜੀਅ ਆਇਆਂ ਨੂੰ" "ਮੈਂ ਕਰਤਾਰ ਦੇ ਰੰਗਾਂ ਤੋਂ ਕੁਰਬਾਨ ਜਾਂਦਾ ਹਾਂ। ਜਿਨ੍ਹਾਂ ਹਥਾਂ ਨੇ ਤੇਰੇ ਵਰਗੇ ਯਤੀਮ ਨੂੰ ਪਾਲਿਆ ਸੀ, ਅਜ ਉਹ ਯਤੀਮ ਦਾ ਸਰੀਰ ਆਪਣੇ ਆਪ ਨੂੰ ਇਨ੍ਹਾਂ ਹਥਾਂ ਦੇ ਸਾਹਮਣੇ ਪੇਸ਼ ਕਰਦਾ ਹੈ।" ਸਤਿਗੁਰ ਨੂੰ ਕਹਿਣ ਲਗਾ ਮੈਨੂੰ ਗੱਲਾਂ ਨ ਸੁਣਾਉ, ਮੈਨੂੰ ਪਤਾ ਹੈ ਜਿਤਨੇ ਕੁ ਦਿਨਾਂ ਦੇ ਤੁਸੀਂ ਆਏ ਹੋ। ਆਪਣਾ ਤੀਰ ਵਾਲਾ ਭੱਥਾ, ਕਮਾਨ ਨੂੰ ਮੋਢੇ ਤੋਂ ਲਾਹ ਦਿਉ। ਤੇ ਥਲੇ ਉਤਰ ਕੇ ਮੇਰੇ ਨਾਲ ਜੰਗ ਕਰੋ, ਕਿਉਂਕਿ ਤੀਰਾਂ ਤੋਂ ਮੈਂ ਤੁਹਾਡੇ ਨਾਲ ਜਿੱਤ ਨਹੀਂ ਸਕਦਾ। ਸਤਿਗੁਰ ਨੇ ਕਿਹਾ ਪੈਂਦੇ ਖਾਂ ਜੀਅ ਆਇਆਂ ਨੂੰ। ਸਤਿਗੁਰ ਨਿਰਵੈਰ ਹੈ। ਭੱਥਾ ਲਾਹ ਦਿਤਾ, ਕਮਾਨ ਉਤਾਰ ਦਿਤੀ ਤੇ ਨਾਲ ਹੀ ਕਿਹਾ ਕਿ ਬਰਖੁਰਦਾਰ ਵਾਰ ਪਹਿਲੇ ਮੈਂ ਨਹੀਂ ਤੂੰ ਕਰਨਾ ਹੈ। ਕਿਉਂਕਿ ਮੈਂ ਤੈਨੂੰ ਸਿਖਾਇਆ ਹੈ। ਉਸ ਨੇ ਅਪਣੀ ਤਲਵਾਰ ਕੱਢੀ ਤੇ ਸਤਿਗੁਰ ਤੇ ਜਦੋਂ ਵਾਰ ਕਰਨ ਲਗਾ ਤਾਂ (ਪ੍ਰਿੰਸੀਪਲ ਗੰਗਾ ਸਿੰਘ) ਕਹਿੰਦੇ ਨੇ ਪਹਿਲਾਂ ਵਾਰ ਕਰਨ ਦੀਤਾ। ਸਤਿਗੁਰ ਨੇ ਰਕਾਬ ਦੇ ਲੋਹੇ ਨਾਲ ਰੋਕ ਲਿਆ। ਦੂਜਾ ਵਾਰ ਕੀਤਾ ਹਜ਼ੂਰ ਨੇ ਆਪਣੀ ਢਾਲ ਨਾਲ ਰੋਕ ਲਿਆ। ਤੀਜਾ ਵਾਰ ਕੀਤਾ ਫਿਰ ਰੋਕ ਲਿਆ। ਤੇ ਨਾਲ ਹੀ ਪੈਂਦੇ ਖਾਂ ਦੀ ਤਲਵਾਰ ਦਾ ਅਗਲਾ ਭਾਲਾ ਟੁਟ ਗਿਆ। ਕੇਵਲ ਮੁੱਠ ਹਥ ਚ ਰਹਿ ਗਈ। ਹਜ਼ੂਰ ਨੇ ਹੱਸ ਕੇ ਕਿਹਾ, ਬਰਖੁਰਦਾਰ ਇਤਨਾ ਸਮਾਂ ਤੈਨੂੰ


www.AKJ.Org

ਅਭਿਆਸ ਕਰਾਇਆ ਅਜੇ ਤਕ ਤੈਨੂੰ ਸਮਝ ਨਹੀਂ ਪਈ ਕਿ ਵਾਰ ਕਿਵੇਂ ਕਰੀਦਾ ਹੈ। ਸਤਿਗੁਰ ਨੇ ਜਦੋਂ ਏਨੀ ਗਲ ਕਹੀ ਤੂੰ ਤਿਆਰ ਹੋ ਮੈਂ ਵਾਰ ਕਰਨ ਲਗਾ ਤੇ ਪੈਂਦੇ ਖਾਂ ਇਤਨਾ ਗੁ ਜੁਆਨ ਸੀ ਕਿ ਦੌੜ ਕੇ ਗੁਰੂ ਸਾਹਿਬ ਦੇ ਘੋੜੇ ਥੱਲੇ ਵੜ ਗਿਆ। ਉਹਦੇ ਵਿਚ ਏਨੀ ਤਾਕਤ ਸੀ ਜਿਵੇਂ ਛੋਟੀ ਜਿਹੀ ਗੰਢ ਕੋਈ ਦੋਵਾਂ ਹਥਾਂ ਤੇ ਚੁਕ ਲੈਂਦਾ ਹੈ। ਛੋਟੀ ਜਿਹੀ ਗੰਢ ਦੋਹਾਂ ਹਥਾਂ ਤੇ ਚੁਕ ਕੇ ਕਹਿੰਦੇ ਨੇ ਘੋੜੇ ਤੇ ਬੈਠਾ ਹੋਇਆ ਪੈਂਦੇ ਖਾਂ ਉਸ ਨੂੰ ਗਠੜੀ ਦੀ ਤਰ੍ਹਾਂ ਚੁਕ ਕੇ ਜ਼ਮੀਨ ਤੇ ਸੁਟ ਦੇਂਦਾ ਏਨਾ ਜਵਾਨ ਏਨੀ ਤਾਕਤ ਵਾਲਾ ਜਦੋਂ ਘੋੜੇ ਨੂੰ ਚੁਕਣ ਲਗਾ ਤੇ ਸੋਚਿਆ ਕਿ ਗੁਰੂ ਸਾਹਿਬ ਸਮੇਤ ਮੈਂ ਜ਼ਮੀਨ ਤੇ ਸੁਟਾਂਗਾ ਤੇ ਗੁਰੂ ਸਾਹਿਬ ਨੇ ਸਿਰ ਤੇ ਜਦੋਂ ਢਾਲ ਦਾ ਵਾਰ ਕੀਤਾ। ਕਿਰਪਾਨ ਦਾ ਨਹੀਂ ਸਿਰ ਤੇ ਜਦੋਂ ਢਾਲ ਮਾਰੀ ਤੇ ਸਿਰ ਦਾ ਜਦੋਂ ਇਕਦਮ ਖੋਪੜਾ ਖੁਲ ਗਿਆ। ਖੋਪੜਾ ਤੇ ਜ਼ਮੀਨ ਤੇ ਡਿਗ ਪਿਆ ਤੇ ਸੂਰਜ ਦੀਆਂ ਕਿਰਨਾਂ ਜਦੋਂ ਮੂੰਹ ਤੇ ਪਈਆਂ ਤੇ ਸਤਿਗੁਰ ਦੇ ਅੰਦਰ ਉਹ ਗੱਲ ਆ ਗਈ। ਜਦੋਂ ਇਹ ਬੱਚਾ ਸੀ ਇਸਨੂੰ ਕਦੀ ਗੋਦ ਚ ਬਿਠਾ ਕੇ ਰੋਟੀ ਦੇਂਦਾ ਸਾਂ। ਹੁਣ ਗੁਰੂ ਨਿਰਵੈਰ ਹੈ, ਜ਼ਮੀਨ ਤੇ ਪੈਂਦਾ ਡਿਗੈ। ਵੈਰ ਨਾਲ ਤਾਂ ਇਹਦੇ ਟੁਕੜੇ-ਟੁਕੜੇ ਕਰ ਕੇ ਕੁਤਿਆਂ ਦੇ ਅਗੇ ਪਾ ਦਿਉ। ਜੇ ਵੈਰ ਨਾਲ ਤਕਣਾ ਹੈ ਤੇ ਔਰੰਗਜ਼ੇਬ ਨੂੰ ਤੱਕੋ। ਸੱਕੇ ਬਾਪ ਨੂੰ ਪਾਣੀ ਵੀ ਘੁੱਟ ਪੀਣ ਨੂੰ ਨਹੀਂ ਦੇਂਦਾ। ਪੈਂਦਾ ਜ਼ਮੀਨ ਤੇ ਡਿਗਾ ਕਹਿਣ ਲਗੇ ਚੇਹਰੇ ਤੇ ਧੁੱਪ ਪੈਂਦੀ ਹੈ। ਮੇਰੇ ਦਾਤਾ ਜੀ ਨੇ ਆਪਣਾ ਰੁਮਾਲ ਕਢਿਆ ਤੇ ਰੁਮਾਲ ਨਾਲ ਪੈਂਦੇ ਦੇ ਚੇਹਰੇ ਨੂੰ ਸਾਫ ਕੀਤਾ। ਸਿਰ ਦੇ ਉਪਰ ਜਦੋਂ ਢਾਲ ਦੀ ਛਾਂ ਕੀਤੀ। ਮੂੰਹ ਦੇ ਉਤੇ, ਪੈਂਦੇ ਖਾਂ ਦੀਆਂ ਅਖਾਂ ਖੁਲੀਆਂ। ਅਗੇ ਅਖਾਂ ਕਢਦਾ ਸੀ। ਅਖਾਂ ਚਮਕਾ ਕੇ ਕਹਿੰਦਾ ਸੀ। ਗੁਰੂ ਮੈਂ ਤੈਨੂੰ ਦੇਖਾਂਗਾ। ਹੁਣ ਇਨ੍ਹਾਂ ਅਖਾਂ ਚ ਪਛਤਾਵੇ ਦਾ ਨੀਰ ਸੀ। ਪਰਛਾਵੇ ਪੱਲੇ ਹੈ। ਸਤਿਗੁਰ ਨੂੰ ਦੇਖ ਕੇ ਅੱਖਾਂ ਚ ਪਾਣੀ ਭਰ ਕੇ ਰੋ ਪਿਆ। ਮੇਰੇ ਨਿਰਵੈਰ ਗੁਰੂ ਦੇ ਨੇਤਰਾਂ ਚੋਂ ਨੀਰ ਦੀ ਝੜੀ ਲਗ ਗਈ। ਦੋ ਬੂੰਦਾਂ ਸਤਿਗੁਰ ਦੇ ਨੀਰ ਦੀਆਂ ਪੈਂਦੇ ਦੇ ਚੇਹਰੇ ਤੇ ਪਈਆਂ। ਪਤਾ ਨਹੀਂ ਕਿਹੋ ਜਿਹਾ ਖੇੜਾ ਗੁਰੂ ਨੇ ਬਖਸ਼ ਦਿਤਾ। ਚੇਹਰੇ ਤੇ ਢਾਲ ਦੀ ਛਾਂ ਕੀਤੀ। ਪੈਂਦੇ ਨੇ ਅਖਾਂ ਖੋਲੀਆਂ। ਬੋਲਣਾ ਚਾਹੁੰਦਾ ਹੈ, ਪਰ ਗਲਾ ਰੁਕਿਆ, ਕੁਛ ਬੋਲ ਨਹੀਂ ਸਕਦਾ। ਜਦੋਂ ਰੋਣ ਲਗ ਪਿਆ। ਹਜ਼ੂਰ ਨੇ ਇਕ ਗਲ ਕਹੀ, ਸ਼ਬਦ 'ਪੁੱਤਰ' ਕਿਹਾ "ਪੁਤਰ ਇਹ ਸਮਾਂ ਤੇਰਾ ਰੋਣ ਦਾ ਨਹੀਂ, ਪੁਤਰ ਤੂੰ ਖੁਦਾ ਦਾ ਕਲਮਾ ਪੜ ਮੈਂ ਛਾਂ ਕਰਦਾ। ਮੈਂ ਤੈਨੂੰ ਅਪਣੀ ਗੋਦੀ ਵਿਚ ਬਿਠਾਂਦਾ। ਤੂੰ ਕਲਮਾ ਪੜ ਮੈਂ ਤੈਨੂੰ ਖੁਦਾ ਦੇ ਘਰ ਚ ਥਾਂ ਦਿਵਾ ਦੇਵਾਂ। ਨਿਰਵੈਰ ਗੁਰੂ ਵਰਗਾ ਕੋਈ ਗੁਰੂ ਹੋਵੇਗਾ ? ਦੁਸ਼ਮਣ ਨੂੰ ਵੀ ਗੋਦੀ ਚ ਲੈ ਲੈਣਾ ਤੇ ਅੱਖਾਂ ਦਾ ਨੀਰ ਛਡ ਕੇ ਕਹਿਣਾ ਪੁਤਰ ਤੂੰ ਖੁਦਾ ਦਾ ਕਲਮਾ ਪੜ। ਅਗੋਂ ਪੈਂਦੇ ਨੇ ਬੜੀ ਵਧੀਆ ਗਲ ਕਹੀ, ਕਹਿਣ ਲਗਾ "ਦਾਤਾ ਕਲਮਾ ਤਾਂ ਉਹ ਪੜੇ ਜਿਸਨੂੰ ਖੁਦਾ ਦੇ ਘਰ ਥਾਂ ਨ ਮਿਲੀ ਹੋਵੇ। ਜਦੋਂ ਮੇਰੇ ਸਿਰ ਤੇ ਤੇਰੀ ਢਾਲ ਵੱਜੀ ਤੇ ਤੇਰੇ ਨੇਤਰਾਂ ਦੇ ਦੋ ਹੰਝੂ ਮੇਰੇ ਚੇਹਰੇ ਤੇ ਡਿਗੇ, ਮੈਨੂੰ ਤਾਂ ਉਸੇ ਵਕਤ ਖੁਦਾ ਦੇ ਘਰ ਥਾਂ ਮਿਲ ਗਈ। ਤੇਰੇ ਵਰਗਾ ਨਿਰਵੈਰ ਕੋਣ ਹੈ ਹਜ਼ੂਰ ਕਹਿੰਦੇ ਨੇ "ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ॥" ਕਿਉਂਕਿ ਗੁਰੂ ਤਾਂ ਕਿਸੇ ਦਾ ਬੁਰਾ ਸੋਚਦਾ ਹੀ ਨਹੀਂ। ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥" ਗੁਰੂ ਕਦੀ ਬੁਰਾ ਸੋਚਦਾ ਨਹੀਂ? ਮੇਰਾ ਗੁਰੂ ਨਿਰਵੈਰ ਹੈ। ਉਹ ਕੇਵਲ ਸਿਖਾਂ ਦਾ ਨਹੀਂ ਭਲਾ ਕਰਦਾ ਬਲਕਿ ਸਾਰੀ ਲੋਕਾਈ ਦਾ ਭਲਾ ਕਰਨ ਵਾਲਾ ਹੈ। ਜਦੋਂ ਬਾਬਾ ਨਾਨਕ ਧਰਤੀ ਵਲ ਦੇਖਦਾ ਹੈ ਤਾਂ ਭਾਈ ਗੁਰਦਾਸ ਜੀ ਕਹਿੰਦੇ ਹਨ।

ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ॥
ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤਿ ਚਲਾਈ।
ਚੜਿਆ ਸੋਧਣ ਧਰਤਿ ਲੁਕਾਈ॥੨੪॥ (ਵਾਰ ੧ ਪਉੜੀ ੨੪)


www.AKJ.Org

ਇਹ ਵਡਿਆਈ ਕੇਵਲ ਸਤਿਗੁਰ ਨਿਰਵੈਰ ਚ ਹੈ। ਜਿਹੜਾ ਸਭ ਦਾ ਭਲਾ ਮੰਗਦਾ ਹੈ। ਗੁਰੂ ਅਮਰਦਾਸ ਜੀ ਬੈਠੇ ਨੇ ਪੰਜਾਬ ਦੀ ਧਰਤੀ ਤੇ। ਰਾਜਸਥਾਨ ਦੀ ਧਰਤੀ ਤੇ ਨਵਵਿਆਹੀਆਂ ਲੜਕੀਆਂ ਨੂੰ ਸਤੀ ਕੀਤਾ ਜਾ ਰਿਹਾ ਹੈ। ਅਕਬਰ ਆਉਂਦਾ ਹੈ ਤੇ ਆ ਕੇ ਕਹਿੰਦਾ ਕੋਈ ਸੇਵਾ। ਗੁਰੂ ਅਮਰਦਾਸ ਜੀ ਕਹਿੰਦੇ ਹਨ ਅਕਬਰ ਤੈਨੂੰ ਰੱਬ ਨੇ ਰਾਜ ਦਿਤਾ ਹੈ। ਤੂੰ ਕਾਨੂੰਨ ਬਣਾ ਦੇ, ਕੋਈ ਵੀ ਬੱਚੀ ਆਪਣੇ ਪਤੀ ਦੀ ਚਿਖਾ ਚ ਜਿੰਦਾ ਸੜੇ ਨਾ, ਉਨ੍ਹਾ ਦੀਆਂ ਕੋਮਲ ਚੀਕਾਂ ਮੇਰੇ ਤੋਂ ਸੁਣੀਆਂ ਨਹੀਂ ਜਾਂਦੀਆਂ। ਕਿਥੇ ਰਾਜਸਥਾਨ ਦੀ ਧਰਤੀ, ਕਿਥੇ ਗੋਇੰਦਵਾਲ। ਇਹ ਵਡਿਆਈ ਸਤਿਗੁਰ ਨਿਰਵੈਰ ਚ ਜਿਹੜਾ ਸਭ ਦਾ ਭਲਾ ਮੰਗਦਾ ਹੈ। ਤਾਂ ਹੀ ਤਾਂ ਗੁਰੂ ਨੇ ਕਿਹਾ ''ਸਤੀਆਂ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ। ਨਾਨਕ ਸਤੀਆ ਜਾਣੀਅਹਿ ਜਿ ਬਿਰਹੇ ਚੋਟ ਮਰੰਨਿ।''(ਪੰਨਾ ੭੮੭) ਉਹ ਸਤੀਆਂ ਨਹੀਂ ਜਿਹੜੀਆਂ ਮੜ੍ਹੀਆਂ ਚ ਸੜਦੀਆਂ ਨੇ। ਸਤੀਆਂ ਉਹ ਹਨ; ਜਿਹੜੀਆਂ ਪਤੀ ਦੇ ਜਾਣ ਤੋਂ ਬਾਦ ਉਸ ਦੇ ਵਿਛੋੜੇ ਨੂੰ ਹਿਰਦੇ ਵਿਚ ਸਾਂਭ ਕੇ ਰੱਬ ਨਾਲ ਜੁੜ ਜਾਂਦੀਆਂ ਹਨ। ਗੁਰੂ ਨਿਰਵੈਰ ਹੈ ਇਹ ਉਸ ਦੀ ਵਡਿਆਈ ਹੈ। ਗੁਰੂ ਸਭ ਦਾ ਭਲਾ ਮੰਗਦਾ ਹੈ ਦਾਤਾ ਜੀ ਕਹਿੰਦੇ ਹਨ''

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ॥
ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ॥੧॥(ਪੰਨਾ ੬੧੧-੧੨)
''ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥(ਪੰਨਾ ੧੩੪੯)

ਕੋਈ ਮੁਸਲਮਾਨ ਆ ਕੇ ਕਹੇ ਮੈਂ ਇਸਲਾਮ ਬਾਰੇ ਸੂਝ ਲੈਣੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ
''ਦੇਹ ਮਸੀਤਿ ਮਨੁ ਮਉਲਾਣਾ ਕਦਮ ਖੁਦਾਈ ਪਾਕੁ ਖਰਾ॥ (ਪੰਨਾ ੧੦੮੩)

ਗੁਰੂ ਸਭ ਦਾ ਭਲਾ ਮੰਗਦਾ ਹੈ। ''ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ॥''

ਤੜ-ਤਤਕਾਲ। ਜੇ ਗੁਰੂ ਕਿਰਪਾ ਕਰੇ, ਖਿਨ ਚ ਉਸ ਦੇ ਅੰਦਰ ਦੀ ਭੁੱਖ ਨੂੰ ਮਿਟਾ ਕੇ ਉਸ ਨੂੰ ਸਾਂਤੀ ਦੇ ਦੇਂਦਾ ਹੈ। ਸਾਹਿਬ ਕਹਿੰਦੇ ਹਨ– ''ਨਾਨਕ ਇਹੁ ਅਚਰਜੁ ਮੇਰੇ ਹਰਿ ਸਚੇ ਸਾਹ ਕਾ ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ॥'' ਦੁਨੀਆ ਦੇ ਲੋਕੋ ਆਉ ਦੇਖੋ ਮੇਰੇ ਸਚੇ ਸ਼ਾਹ ਦਾ ਕੌਤਕ, ਉਸ ਦੀ ਵਡਿਆਈ। ''ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ॥'' ਜਿਹੜਾ ਸਤਿਗੁਰ ਨੋ ਮੰਨਦਾ ਹੈ। ਉਹ ਬੰਦਾ ਹਰ ਇਕ ਨੂੰ ਚੰਗਾ ਲਗਦਾ ਹੈ। ''ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ''(ਪੰਨਾ ੫੫੫) ਜਿਹੜਾ ਵਾਹਿਗੁਰੂ ਦਾ ਪਿਆਰਾ, ਜਿਹੜਾ ਗੁਰੂ ਦਾ ਸਜਣ ਬਣ ਗਿਆ ਹੈ॥'' ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ॥''(ਪੰਨਾ ੯੫੭) ਜਿਸ ਦਾ ਇਕ ਸਜਣ ਵਾਹਿਗੁਰੂ ਬਣ ਜਾਏ। ਸਾਰੀ ਦੁਨੀਆ ਉਸ ਦੀ ਸਜਣ ਬਣ ਜਾਂਦੀ ਹੈ। ਅਖੀਰ ਚ ਗੁਰੂ ਸਾਹਿਬ ਕਹਿੰਦੇ ਹਨ ਜਿ ਨਿੰਦਕ ਬੰਦਾ ਵੀ ਗੁਰੂ ਦੀ ਸ਼ਰਣ ਚ ਆਵੇ ਮੇਰਾ ਗੁਰੂ ਉਸ ਨੂੰ ਵੀ ਕਿਰਪਾ ਕਰਕੇ ਬਖਸ਼ ਦੇਂਦਾ ਹੈ। ਅਪਣੇ ਆਪ ਨੂੰ ਛੁਪਾ ਕੇ ਰਖੋ। ਇੱਕ ਵਾਰੀ ਕੋਈ ਬੰਦਗੀ ਕਰਨ ਵਾਲੇ ਸਾਧ ਬੈਠੇ ਸਨ। ਕਿਸੇ ਨੇ ਆ ਕੇ ਪੁਛਿਆ ਬਾਬਾ ਤੈਨੂੰ ਕੋਈ ਕੰਮ ਵੀ ਹੈ, ਜਾਂ ਸਾਰਾ ਦਿਨ ਵਿਹਲਾ ਹੀ ਰਹਿੰਦਾ ਹੈ। ਕਹਿਣ ਲਗਾ ਮੈਂ ਇੱਕ ਮਿੰਟ ਨਹੀਂ ਵਿਹਲਾ ਹੁੰਦਾ। ਮੈਂ ਦਿਨ ਰਾਤ ਕੁਛ ਕਰਦਾ ਰਹਿੰਦਾ। ਕਹਿਣ ਲਗਾ ਕੀ ? ਕਹਿੰਦਾ ਮੈਂ ਬਹੁਤ ਕੁਛ ਕਰਦਾ ਹਾਂ। ਉਸਨੇ ਪੁਛਿਆ ਦਸ ਤਾਂ ਸਹੀ, ਕਹਿਣ ਲਗਾ ਮੈਂ ਜਿਤਨੇ ਸੁਆਸ ਲੈਂਦਾ, ਹਰ ਸੁਆਸ ਚ ਗਲਤੀ ਕਰਦਾ ਹਾਂ। ਜਿਤਨੇ ਗੁਨਾਹ ਕਰਦਾ ਹਾਂ ਉਹ ਸਾਰੀ ਰਾਤ ਮੈਂ ਗੁਨਾਹ ਬਖਸ਼ਾਉਂਦਾ ਹਾਂ ਤੇ ਰਾਤ ਦੇ ਗੁਨਾਹ ਮੈਂ ਦੂਜੇ ਦਿਨ ਬਖਸ਼ਵਾ ਲੈਂਦਾ ਹਾਂ, ਮੈਂ ਤਾਂ ਸਾਰੀ ਜਿੰਦਗੀ ਉਸ ਦੀ ਬਖਸ਼ਿਸ਼ ਮੰਗਦਾ ਹਾਂ। ਧੰਨ ਗੁਰੂ ਗ੍ਰੰਥ ਸਾਹਿਬ ਕਿਰਪਾ ਕਰਨ ਆਪਾਂ ਵੀ ਗੁਰੂ ਚਰਨ ਸ਼ਰਨ ਚ ਆ ਕੇ ਆਪਣਾ ਜੀਵਨ ਸਫਲ ਕਰੀਏ।



www.AKJ.Org

# ਸ੍ਰੀ ਗੁਰੂ ਨਾਨਕ-ਸੰਸਾਰ-ਸੁਧਾਰ

(ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਜਗਤ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਨੇ ਜਗਤ-ਉਧਾਰ ਰੂਪੀ ਜੋ ਸੰਸਾਰ-ਸੁਧਾਰ ਕੀਤਾ, ਉਸ ਦਾ ਆਦਰਸ਼ਕ ਔਜ ਬਹੁਤ ਉਚਾ ਅਤੇ 'ਉਚੀ ਹੂੰ ਊਚਾ ਆਪਾਰ' ਹੈ। ਜੇਤਾ ਜਗਤ ਸੰਸਾਰ ਹੈ, ਇਸ ਵਿਚ ਇਸ ਆਦਰਸ਼ਕ ਸੁਧਾਰ ਦੀ ਨਜ਼ੀਰ ਮਿਲਣੀ ਇਕ ਅਨਹੋਣੀ ਗੱਲ ਹੈ।

ਸੰਸਾਰੀਆਂ ਦੇ, ਸੰਸਾਰੀ ਜੀਵਾਂ ਦੇ ਆਤਮ-ਉਧਾਰ ਹੋਏ ਬਿਨਾਂ, ਸੰਸਾਰ ਦਾ ਸਾਰ (ਤਤ) ਸੁਧਾਰ ਹੋਣਾ ਇਕ ਓਪਰੀ ਅਤੇ ਪੋਲੀ ਜਿਹੀ ਗੱਲ ਹੈ। ਸੰਸਾਰ ਵਿਖੇ ਅਨੇਕਾਂ ਅਤੇ ਅਨਗਿਣਤ ਸੋਸ਼ਲ ਰੀਫ਼ਾਰਮਰ ਹੋਏ ਅਤੇ ਸੋਸ਼ਲ-ਸੁਧਾਰ ਦੀਆਂ ਬੇਅੰਤ ਸੁਸਾਇਟੀਆਂ ਕਾਇਮ ਹੋਈਆਂ, ਪਰ ਤਿਨ੍ਹਾਂ ਤੋਂ ਤਸੂ ਭਰ ਭੀ ਸੰਸਾਰ-ਸੁਧਾਰ ਨਾ ਹੋਇਆ। ਦਿਖਾਵੇ ਅਤੇ ਪਰਚਾਵੇ ਮਾਤਰ ਤਾਂ ਬਥੇਰੇ ਨਾਮ-ਧਰੀਕ ਸੰਸਾਰ-ਸੁਧਾਰ ਹੋਏ, ਪਰ ਇਹ ਨਿਰੇ ਭਰਮ-ਭੁਲਾਵੇ ਹੀ ਰਹੇ। ਤਤ-ਪਰਮਾਰਥੀ ਕਣ ਤੋਂ ਸੁੰਞਾ ਸੁਧਾਰ ਨਿਰਾ ਵਿਵਹਾਰ ਸੁਧਾਰ ,ਸੋਸ਼ਲ ਸੁਧਾਰ ਯਾ ਮਾਰਲ ਸੁਧਾਰ ਇਕ ਫੋਕਟ ਅਤੇ ਥੋਥਰ ਤੁਖ-ਸੁਧਾਰ ਹੈ, ਜੋ ਸਿਰੇ ਨਹੀਂ ਚੜ੍ਹਦਾ, ਨਾ ਉਸ ਤੋਂ ਕੁਛ ਸੌਰਦਾ ਹੈ।

ਆਤਮ ਕਣੀ ਤੋਂ ਸੁੰਞੇ ਅਤੇ ਤਤ-ਪਰਮਾਰਥਾਂ ਤੋਂ ਘੁਥੇ ਰੀਫ਼ਾਰਮਰ ਨਿਰਾ ਨੀਰ ਹੀ ਵਿਰੋਲਦੇ ਰਹਿ ਜਾਂਦੇ ਹਨ। ਤਿਨ੍ਹਾਂ ਦਾ ਸੋਸ਼ਲ-ਸੁਧਾਰ ਵਾਲਾ ਚਾਉ ਹਉਮੈ ਤੋਂ ਉਪੰਨਾ ਹੀ ਹੁੰਦਾ ਹੈ ਅਤੇ ਹਉਮੈ ਵਿਚ ਹੀ ਜਾਇ ਸਮਾਉਂਦਾ ਹੈ। ਹਉਮੈ ਨੂੰ, ਆਪੇ ਨੂੰ ਪਰਬੋਧੇ ਬਿਨਾਂ, ਅਰਥਾਤ ਆਪਣਾ ਆਪ ਸੁਧਾਰੇ ਬਿਨਾਂ ਲੋਕਾਂ ਦੇ ਸੁਧਾਰ ਡੀਂਗ ਮਾਰਨਾ ਨਿਰਾ ਕੱਚਾ ਚਾਉ ਅਤੇ ਹੋਛੀ ਹਮਾਕਤ ਹੈ। ਹਉਮੈ ਰੂਪੀ ਰੋਗ ਵਿਚ ਗ੍ਰਸਿਆ ਹੋਇਆ ਸੰਸਾਰੀ ਜੀਵ, ਸੰਸਾਰ ਦਾ ਕੀ ਖ਼ਾਕ ਉਧਾਰ ਕਰ ਸਕਦਾ ਹੈ ?

ਇਸ ਹਉਮੈ ਦੀਰਘ ਰੋਗ ਦਾ ਰਵਾਨਿਆਂ ਹੋਇਆ ਸਾਰਾ ਸੰਸਾਰ ਹੀ ਰੋਗੀ ਹੋ ਰਹਿਆ ਸੀ ਕਿ ਸੱਚੇ ਵੈਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸੰਸਾਰ ਰੋਗੀ' ਲਈ 'ਨਾਮ ਦਾਰੂ' ਲਿਆਂਦਾ ਅਤੇ ਧੁਰ ਦਰਗਾਹੋਂ 'ਬਾਰਗਾਹੇ ਏਜ਼ਦੀ' ਤੋਂ ਲਿਆਂਦਾ ਹਾਂ ਜੀ। ਨਾਮ ਦਾਰੂ, ਨਾਮ ਅੰਮ੍ਰਿਤ, ਨਾਮ ਰੂਪੀ ਆਬੇ ਹਯਾਤ ਲਿਆਂਦਾ। ਜਿਸ ਹਯਾਤਿ-ਅਬਦੀ ਬਖ਼ਸ਼ਣਹਾਰੇ ਅੰਮ੍ਰਿਤ ਨੂੰ ਸੁਰ ਨਰ ਮੁਨ ਜਨ ਲੋਚਦੇ ਰਹੇ ਸੁ ਅੰਮ੍ਰਿਤੁ ਗੁਰ ਤੇ ਪਾਇਆ। ਸੋ ਅੰਮ੍ਰਿਤ ਰੂਪੀ ਦਾਰੂ ਸਚਾ ਵੈਦ ਗੁਰੂ ਨਾਨਕ ਸੱਚਾ ਪਾਤਸ਼ਾਹ ਹੀ ਸੰਸਾਰ ਰੋਗੀ ਵਾਸਤੇ ਲਿਆਇਆ। ਜਿਨ੍ਹਾਂ ਨੇ ਇਹ ਅੰਮ੍ਰਿਤ-ਅਉਖਧੀ ਸੰਜੀਵਨੀ ਰੂਪ ਨਾਮ-ਪਿਆਲਾ ਪੀਤਾ, ਤਿਨ੍ਹਾਂ ਦੇ, ਹਾਂ ਜੀ ! ਕੇਵਲ ਤਿਨ੍ਹਾਂ ਦੇ ਹਉਮੈ-ਰੋਗ ਅਤੇ ਹਉਮੈ ਤੋਂ ਉਪੰਨੇ ਸਗਲੇ ਰੋਗ ਕਟੇ ਗਏ। ਤਿਨ੍ਹਾਂ ਦਾ ਆਪਾ ਪਰਬੋਧਿਆ ਗਿਆ। ਸੇਈ ਸੱਚੇ ਪਰਉਪਕਾਰੀ ਬਣੇ, ਨਾਮ ਦੁਆਰਾ ਆਪਾ ਪਰਬੋਧੇ ਬਿਨਾਂ, ਨਾਮ ਦਾ ਜੀਵਨ-ਕਣੀ ਦੁਆਰਾ ਜੀਵਨ ਸੁਧਾਰੇ ਬਿਨਾਂ, ਪਰਉਪਕਾਰ ਹੋਣਾ ਅਤੀ ਅਸੰਭਵ ਹੈ।

ਅਜਿਹੇ ਜੀਵਨ-ਪਰਬੋਧਕੀ ਪਰਉਪਕਾਰੀ ਜਨਾਂ ਬਾਝੋਂ ਸੰਸਾਰ ਦਾ ਸੁਧਾਰ ਕੋਈ ਨਹੀਂ ਕਰ ਸਕਦਾ, ਆਤਮ-ਕਣੀ ਵਾਲੇ ਨਾਮ-ਰੱਤੜੇ ਪਰਉਪਕਾਰ-ਉਮਾਹੀ ਜਨ ਹੀ ਜਗਤ-ਉਧਾਰ, ਸੰਸਾਰ ਦਾ ਸੱਚਾ ਸੁਧਾਰ ਕਰ ਸਕਦੇ ਹਨ। ਨਾਮ-ਸ਼ੂਨ ਜਨਾਂ ਦਾ ਜੇਤਾ ਬਿਉਹਾਰ ਕਾਰ ਹੈ 'ਸਭ ਹਉਮੈ ਬਫਰ ਬਫਾਉ' ਵਾਲਾ ਮਿਰਤਕ ਮਿਥਿਆ ਸੀਂਗਾਰ ਹੈ। ਯਥਾ ਗੁਰਵਾਕ-

ਨਾਮ ਬਿਨਾ ਜੇਤਾ ਬਿਉਹਾਰੁ॥ ਜਿਉ ਮਿਰਤਕ ਮਿਥਿਆ ਸੀਗਾਰੁ॥ (ਗਉੜੀ ਮ:੫, ਪੰਨਾ ੨੪੦)

ਅਤੇ ਨਾਮ-ਰੱਤੜੇ ਜਨਾ ਦੇ ਕਾਰਜ, ਕਰਮ ਧਰਮ ਸਭ ਪਵਿਤਰ ਅਤੇ ਪਤਿ-ਪਰਵਾਨ ਸੁਲੇਖੇ ਵਾਲੇ ਹੁੰਦੇ ਹਨ। ਯਥਾ ਗੁਰਵਾਕ–

ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ,
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ॥ (ਸੋਰਠਿ ਕੀ ਵਾਰ ਮ:੪, ਪੰਨਾ ੬੪੮)

ਭਰਮ-ਭੂਲੇ ਲੋਗ ਨਾਮ-ਭਜਨੀਕ ਪੁਰਖਾਂ ਦੇ ਪੁਰਖਤੱਵ ਨੂੰ ਸਮਝ ਹੀ ਨਹੀਂ ਸਕਦੇ। ਸੰਸਾਰ-ਸੁਧਾਰ ਅਤੇ ਦੇਸ-ਉਪਕਾਰ ਦੇ ਠੇਕੇਦਾਰ ਬਣਿ ਬਣਿ ਬੈਠਣ ਵਾਲੇ ਬਫਣ-ਬਫੀਣੇ ਲੋਗ ਓਦੋਂ ਤਾਈਂ ਹੀ ਦੇਸ਼ ਕੌਮ



www.AKJ.Org

ਦਾ ਕੰਮ ਕਰਨਗੇ ਜਦੋਂ ਤਾਈਂ ਓਹਨਾਂ ਦੀ ਹਉਮੈ ਨੂੰ ਪੱਠੇ ਪੈਂਦੇ ਰਹਿਣਗੇ, ਜਦੋਂ ਤਾਈਂ ਓਹਨਾਂ ਦੀ ਮਾਨ-ਮਨੌਤੀ ਹੁੰਦੀ ਰਹੇਗੀ। ਜਦੋਂ ਵੀ ਏਸ ਮਾਨ-ਮਨੌਤੀ ਦੇ ਪੱਠੇ ਪੈਣੇ ਬੰਦ ਹੋ ਗਏ, ਬਸ ਓਦੋਂ ਹੀ ਓਹਨਾਂ ਦਾ ਸੰਸਾਰ-ਸੁਧਾਰ ਸੁਪਨ ਵਤ ਛਾਈਂ ਮਾਈਂ ਹੋ ਜਾਂਦਾ ਹੈ।

ਗੁਰ ਨਾਨਕ-ਸੰਸਾਰ-ਸੁਧਾਰ ਆਦਰਸ਼ ਦੇ ਉਪਕਾਰੀ ਜਨ,ਸੇਵਾ-ਉਪਕਾਰ ਨੂੰ ਹੁਕਮ ਰਜ਼ਾ ਦੇ ਅਨੁਸਾਰੀ ਹੋ ਕੇ, ਸੇਵਾ ਪ੍ਰਾਇਣੀ ਉਪਕਾਰ-ਆਸ਼ਕ ਬਣ ਕੇ ਅਤੇ ਨਿਰਮਾਣਤਾ ਵਿਚ ਲੀਨ ਹੋ ਕੇ ਕਰਨਗੇ। ਯਥਾ ਗੁਰਵਾਕ–

ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥ (ਪੰਨਾ ੨੯੨)

ਉਨ੍ਹਾਂ ਨੂੰ ਸੰਸਾਰ ਦੀ ਉਸਤਤਿ ਵਡਿਆਈ ਦੇ ਗਾਹਕ ਹੋਣ ਵਾਲਾ ਚਸਕਾ ਨਹੀਂ ਹੁੰਦਾ। ਬਲਕਿ ਓਹ-

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ,ਹਮ ਤਨ ਦੀਓ ਹੈ ਢਾਰਿ॥ (ਦੇਵਗੰਧਾਰੀ ਮ:੪, ਪੰਨਾ ੫੨੮)

ਵਾਲੇ ਗੁਰ-ਫ਼ੁਰਮਾਨ ਉਤੇ ਅਮਲ ਕਰਦੇ ਹਨ। ਤਾਂ ਤੇ ਓਹਨਾਂ ਨੂੰ ਨਿਸ਼ਕਾਮ ਸੇਵਾ, ਉਪਕਾਰ ਦਾ ਉਮਾਹ ਨਿਸਬਾਸਰ ਹੀ ਬਣਿਆ ਰਹਿੰਦਾ ਹੈ, ਓਹਨਾਂ ਤੋਂ ਸੁਤੇ ਸੁਭਾਵ ਹੀ ਜੋ ਕੰਮ ਹੁੰਦੇ ਹਨ, ਸੇਵਾ ਉਪਕਾਰ ਵਾਲੇ ਹੁੰਦੇ ਹਨ। ਅਤੇ ਇਸ ਸੇਵਾ ਉਪਕਾਰ ਵਿਚ ਹੀ ਸੰਸਾਰ ਦਾ ਉਧਾਰ ਅਤੇ ਸਭਨਾਂ ਦਾ ਸੁਧਾਰ ਹੈ। ਨਾਮ ਦੀ ਕਮਾਈ ਬਿਨਾਂ ਸੰਸਾਰ-ਸੁਧਾਰ ਵਾਲੀਆਂ ਬਿਵਹਾਰ ਸੁਧਾਰ-ਆਚਾਰ ਸੁਧਾਰ, ਸੇਵਾ ਉਪਕਾਰ ਦੀਆਂ ਭਾਵੇਂ ਕਿਤਨੀਆਂ ਹੀ ਸਭਾ ਸੁਸਾਇਟੀਆਂ ਬਣਦੀਆਂ ਫਿਰਨ, ਸਭ ਹਉਮੈ ਦਾ ਹੀ ਪਸਾਰਾ ਹੈ। ਆਤਮ-ਅਨੰਦ ਦੀ ਰਸ-ਜੋਤਿ-ਕਣੀ ਤੋਂ ਸਖਣੇ ਘਟਾਂ ਵਾਲੇ ਮਾਹਣੂਆਂ ਤੋਂ ਪਰਸੁਆਰਥੀ ਕੰਮ ਹੋ ਨਹੀਂ ਸਕਦੇ, ਨਾ ਸਿਰੇ ਚੜ੍ਹ ਸਕਦੇ ਹਨ। ਨਿਜ ਸੁਆਰਥਾਂ ਦੇ ਧੰਧ ਬੰਧ ਵਿਚ ਹੀ ਨਿਸ ਦਿਨ ਲਥ ਪਥ ਰਹਿੰਦੇ ਹਨ। ਪਰ-ਸੁਆਰਥ ਅਤੇ ਦੇਸ਼ ਕੌਮ ਦੀ ਸੇਵਾ ਦੀ ਸਾਂਝ ਭੀ ਓਦੋਂ ਤਾਈਂ ਰਖਣਗੇ ਜਦ ਤਾਈਂ ਕਿ ਓਸ ਵਿਚ ਓਹਨਾਂ ਦਾ ਨਿਜ ਸੁਆਉ ਸੁਆਰਥ ਬਣਿ ਆਉਂਦਾ ਹੈ, ਅਤੇ ਜਿਤ ਦਿਨ ਓਹਨਾਂ ਦਾ ਨਿਜ ਸੁਆਉ ਸੁਆਰਥ ਨਹੀਂ ਬਣਿ ਆਵੰਦਾ, ਤਿਤ ਦਿਨ ਕੋਈ ਨੇੜੇ ਨਹੀਂ ਢੁਕਦਾ ਅਤੇ ਪਰਉਪਕਾਰ ਦੇ ਰਾਹ ਨਹੀਂ ਜਾਂਦਾ। ਯਥਾ ਗੁਰਵਾਕ-

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ, ਤੇ ਸਭਿ ਅਪਨੈ ਸੁਆਇ ਮਿਲਾਸਾ॥
ਜਿਤੁ ਦਿਨਿ ਉਨ ਕਾ ਸੁਆਉ ਹੋਇ ਨ ਆਵੈ, ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥
(ਗੌਂਡ ਮਹਲਾ ੪, ਪੰਨਾ ੮੬੦)

ਗੁਰ ਨਾਨਕ ਉਪਕਾਰ ਸੰਸਾਰ-ਸੁਧਾਰ ਆਦਰਸ਼ੋਂ ਊਰੀ ਮਗ਼ਰਬੀ ਦੁਨੀਆਂ ਦੇ ਸਾਰੇ ਦੇਸ਼ ਆਪਸ ਵਿਚੀਂ ਖਹਿ ਖਹਿ ਮਰ ਰਹੇ ਹਨ। ਇਹਨਾਂ ਥਾਂਸ ਬਡਾਈ ਬੁਡਿਆਂ ਨੂੰ ਸੋਸ਼ਲ-ਸੁਧਾਰ ਦਾ ਅਜੇ ਮੁਸ਼ਕ ਨਹੀਂ ਆਇਆ। ਆਪੋ ਆਪਣੇ ਦੇਸ਼ ਦੇ ਸੁਧਾਰ ਹੰਕਾਰ ਨਾਲ ਐਵੇਂ ਹੀ ਸੰਧੂਰੇ ਫਿਰਦੇ ਹਨ ਅਤੇ ਓਹਨਾਂ ਦੀ ਰੀਸੇ, ਮਗ਼ਰਬੀ ਤਹਿਜ਼ੀਬ ਸੁਧਾਰ ਦੇ ਕੱਠੇ ਹੋਏ ਭਾਰਤ-ਵਰਤੀ ਦੇਸ਼-ਸੇਵਾ ਦੇ ਸੁਆਂਗ ਰਚ ਰਚ ਖੁਆਰ ਹੋ ਰਹੇ ਹਨ। ਸਭ ਤੋਂ ਸ਼ੋਕ ਵਾਲੀ ਗੱਲ ਤਾਂ ਇਹ ਹੈ ਕਿ ਸਤਿਗੁਰ ਨਾਨਕ ਸਾਹਿਬ ਦੇ ਨਾਮ-ਧਰੀਕ ਸਿਖ ਭੀ ਤਿਨ੍ਹਾਂ ਪਿਛੇ ਹੀ ਭਰਮ ਭਰਮ ਕੇ ਧੰਦ ਪਿਟ ਰਹੇ ਅਤੇ ਕੂੜ ਕਮਾ ਰਹੇ ਹਨ। ਕੇਵਲ ਸਤਿਗੁਰ ਨਾਨਕ ਦੇਵ ਦੇ ਪਰਉਪਕਾਰ-ਆਦਰਸ਼ ਪੂਰਨਿਆਂ ਉਤੇ ਚਲ ਕੇ ਹੀ ਸੱਚਾ ਸੁਧਾਰ ਹੋ ਸਕਦਾ ਹੈ। ਸਭਾ ਸੁਸਾਇਟੀ ਦਾ ਸੁਧਾਰ ਸਮਝ ਲਵੋ, ਚਾਹੇ ਬਿਵਹਾਰਕ ਅਤੇ ਆਚਾਰ ਦਾ ਸੁਧਾਰ ਸਮਝ ਲਵੋ, ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਗੁਰੂ ਨਾਨਕ ਸਾਹਿਬ ਦੇ ਸਿਖ ਸਦਵਾ ਕੇ ਇਸ ਆਦਰਸ਼ਕ ਸੁਧਾਰ ਉਪਕਾਰ ਤੋਂ ਕਿਉਂ ਵਾਂਞੇ ਹੋਏ ਹਾਂ ? ਇਸ ਦਾ ਸਪਸ਼ਟ ਉਤਰ ਹੈ ਕਿ ਅਸੀਂ ਸਤਿਗਰ ਨਾਨਕ ਦੇਵ ਦੇ ਹੁਕਮਾਂ ਦੀ ਤਾਮੀਲ, ਸਤਿਗੁਰ ਬਚਨਾਂ ਦੀ ਕਮਾਈ ਨਹੀਂ ਕਰਦੇ। ਸਤਿਗੁਰ ਨਾਨਕ ਸਾਹਿਬ ਦਾ ਹੁਕਮਾਂ ਸਿਰ ਹੁਕਮ–

ਏਕੋ ਨਾਮੁ ਹੁਕਮੁ ਹੈ, ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥੫॥(ਸਿਰੀ ਰਾਗ ਮ:੧, ਪੰਨਾ ੭੨)

ਇਸ ਹੁਕਮ ਨੂੰ ਅਸੀਂ ਸਤਿਗੁਰੂ ਦੇ ਸਿਖ ਸਦਵਾਣ ਵਾਲੇ ਸਮੂਹ ਸਜਨ ਕੰਨੋਂ ਮੁਢੀ ਮਾਰ ਛਡਦੇ



www.AKJ.Org

ਹਾਂ। ਅਸਾਡੀ ਇਸ ਹੁਕਮ ਉਪਰ ਸ਼ਰਧਾ ਹੀ ਨਹੀਂ ਆਉਂਦੀ। ਜੋ ਜੋ ਸਿਖ ਬਹੁਤਾ ਵਿਦਵਾਨ ਸਦਾਉਂਦਾ ਹੈ ਅਤੇ ਮਗ਼ਰਬੀ ਸਹਸ-ਸਿਆਣਪੀ ਸਾਇੰਸ ਫ਼ਿਲਾਸਫ਼ੀ ਦਾ ਮੁਠਿਆ ਹੋਇਆ ਹੈ ਸੋ ਇਸ ਨਾਮ-ਪਦਾਰਥ ਤੋਂ ਬਹੁਕ ਅਸ਼ਰਧਕ ਹੈ, ਉਹ ਜਪਣ ਨੂੰ ਅਤੇ ਗੁਰਬਾਣੀ ਪੜ੍ਹਨ ਨੂੰ ਐਵੇਂ ਫ਼ਾਲਤੂ ਮੂੰਹ ਮਾਰਨਾ ਹੀ ਦਸਦਾ ਹੈ। ਹਾਲਾਂਕਿ ਸ੍ਰੀ ਗੁਰੂ ਸਾਹਿਬ ਦੀ ਸਮੱਗਰ ਬਾਣੀ ਪੁਕਾਰ ਪੁਕਾਰ ਕੇ ਤੁਕ ਤੁਕ ਅੰਦਰ ਇਹੋ ਉਪਦੇਸ਼ ਦੇ ਰਹੀ ਹੈ ਕਿ "ਨਾਮ ਜਪੋ, ਨਾਮ ਜਪੋ" ਪਰੰਤੂ ਬਹਤੁ ਅਕਲਈਆਂ ਦੀ ਅਕਲ ਇਥੇ ਗੋਤਾ ਖਾ ਜਾਂਦੀ ਹੈ। ਸਾਰੀ ਬਾਣੀ ਨੂੰ ਪੜ੍ਹ ਸੁਣ ਕੇ ਐਵੇਂ ਉਪਰ ਨੂੰ ਉਲੰਘ ਜਾਂਦੇ ਹਨ। ਨਾਮ ਵਾਲੀ ਗੱਲ ਓਹਨਾਂ ਨੂੰ ਪੋਹਦੀ ਹੀ ਨਹੀਂ, ਹਾਲਾਂਕਿ ਗੁਰੂ ਨਾਨਕ ਸਾਹਿਬ ਨੇ ਫ਼ੁਰਮਾਇਆ ਹੈ ਕਿ-

ਨਾਨਕ ਲੇਖੈ ਇਕ ਗਲ, ਹੋਰੁ ਹਉਮੈ ਝਖਣਾ ਝਾਖ॥ (ਆਸਾ ਦੀ ਵਾਰ, ਪੰਨਾ ੪੬੭)

ਉਹਨਾ ਨੂੰ ਇਸ ਹੁਕਮ ਉਤੇ ਯਕੀਨ ਨਹੀਂ, ਸ਼ਰਧਾ ਭਰੋਸਾ ਨਹੀਂ। ਜੋ ਇਸ ਹੁਕਮ ਤੋਂ ਮੁਨਹਰਫ਼ ਹਨ, ਕੀ ਉਹ ਸਿਖ ਸਦਾਉਣ ਦੇ ਅਧਿਕਾਰੀ ਹਨ ? ਗੁਰੂ ਪੰਥ ਵਿਚ ਜਿਤਨੇ ਭੀ ਉਪਕਾਰੀ ਜੋਧੇ ਸੂਰਮੇ ਗੁਰਮੁਖ ਜਨ ਹੋਏ ਹਨ, ਸੋ ਸਭ ਨਾਮ ਦੇ ਅਭਿਆਸੀ ਅਤੇ ਨਾਮ ਦੇ ਤੁਫ਼ੈਲ ਆਤਮ-ਕਲਾ ਸੰਪੰਨ ਕਲਾਧਾਰੀ ਭਜਨੀਕ ਪੁਰਸ਼ ਹੀ ਹੋਏ ਹਨ।

ਤ੍ਰਿਸ਼ਨਾ, ਬਦੀ, ਬਖ਼ੀਲੀ, ਖ਼ੁਦੀ, ਤਕੱਬਰੀ ਦੀ ਅਗਨਿ ਵਿਚ ਜਲੰਦੇ ਸੰਸਾਰ ਨੂੰ ਗੁਰੂ ਨਾਨਕ ਦੇਵ ਜੀ ਨੇ ਨਾਮ ਦੀ ਅੰਮ੍ਰਿਤ-ਅਉਖਧੀ ਦੇ ਕੇ ਉਭਾਰਿਆ। ਜੋ ਜੋ ਸੰਸਾਰੀ ਜੰਤ ਇਸ ਨਾਮ-ਤਾਰ ਵਿਚ ਪ੍ਰੋਤੇ ਗਏ, ਸੋ ਸਭ ਸੰਸਾਰੀਓਂ ਨਿਰੰਕਾਰੀ ਬਣ ਗਏ। ਐਸੇ ਨਿਰੰਕਾਰੀ ਗੁਰਮੁਖ ਜਨਾਂ ਦਾ ਪੁੰਜ ਹੀ ਸਚਾ ਪਰਉਪਕਾਰੀ ਬਣ ਸਕਦਾ ਹੈ। ਨਾਮ-ਤਾਰ ਪ੍ਰੋਤੇ ਨਿਰੰਕਾਰੀ ਜਨਾਂ ਅੰਦਰ ਹੀ ਪ੍ਰਸਪਰ ਸਚੇ ਇਤਫ਼ਾਕ ਦੀ ਚੰਦਨ-ਮਹਿਕ ਪਰਵੇਸ਼ ਕਰ ਸਕਦੀ ਹੈ।

ਸੋ, ਗੁਰ ਨਾਨਕ ਨਿਰੰਕਾਰੀ ਦੇ ਪਰਉਪਕਾਰੀ ਆਦਰਸ਼ੀ ਹੁਕਮਾਂ ਉਤੇ ਚਲਣ ਵਾਲੇ ਚਈਲੇ ਜਨਾਂ ਦਾ ਮੁਖ ਧਰਮ ਇਹ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਦ੍ਰਿੜ੍ਹਾਏ ਮੁਖ ਹੁਕਮ ਨਾਮ-ਅੰਮ੍ਰਿਤ ਨੂੰ ਗਹਿ ਕਰਕੇ ਕਮਾਉਣ।

ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥
(ਸੁਖਮਨੀ ਸਾਹਿਬ, ਪੰਨਾ ੨੬੬)

ਨਾਮ-ਜਪ ਰੂਪੀ ਨਿਰਮਲ ਕਰਮੁ ਕਰਦਿਆਂ ਹੋਇਆਂ ਸੁਤੇ ਸਿਧ ਅਤੇ ਸਹਿਜ ਸੁਭਾਵ ਹੀ ਬਿਵਹਾਰ ਅਤੇ ਪਰਮਾਰਥ ਦੇ ਸਾਰੇ ਕਾਰਜ ਰਾਸ ਆ ਜਾਵੰਦੇ ਹਨ। ਤਾਂ ਤੇ 'ਗੁਰੂ ਨਾਨਕ-ਸੰਸਾਰ-ਸੁਧਾਰ' ਦਾ ਆਦਰਸ਼ ਅਤੀ ਅਸਚਰਜ ਅਤੇ ਵਿਲੱਖਣ ਹੈ, ਨਾਮ ਸੰਗਿ ਬਿਓਹਾਰ ਅਭਿਆਸ ਭਜਨ ਰੂਪੀ ਬਿਓਹਾਰ ਕਰਨ ਨਾਲ ਸਾਰੇ ਕਾਰਜ ਸੰਸਾਰਕ ਅਤੇ ਪਰਮਾਰਥਕ ਸਹਿਜੇ ਹੀ ਸੌਰ ਜਾਂਦੇ ਹਨ। ਯਥਾ ਗੁਰਵਾਕ—

ਨਾਮ ਸੰਗਿ ਕੀਨੋ ਬਿਉਹਾਰੁ॥ ਨਾਮੋੁ ਹੀ ਇਸੁ ਮਨ ਕਾ ਅਧਾਰੁ॥
ਨਾਮੋ ਹੀ ਚਿਤਿ ਕੀਨੀ ਓਟ॥ ਨਾਮੁ ਜਪਤ ਮਿਟਹਿ ਪਾਪ ਕੋਟਿ॥੧॥
ਰਾਸਿ ਦੀਈ ਹਰਿ ਏਕੋ ਨਾਮੁ॥ ਮਨ ਕਾ ਇਸਟੁ ਗੁਰ ਸੰਗਿ ਧਿਆਨੁ॥੧॥ਰਹਾਉ॥
ਨਾਮੁ ਹਮਾਰੇ ਜੀਅ ਕੀ ਰਾਸਿ॥ ਨਾਮੋ ਸੰਗੀ ਜਤ ਕਤ ਜਾਤ॥
ਨਾਮੋ ਹੀ ਮਨਿ ਲਾਗਾ ਮੀਠਾ॥ ਜਲਿ ਥਲਿ ਸਭ ਮਹਿ ਨਾਮੋ ਡੀਠਾ॥੨॥
ਨਾਮੇ ਦਰਗਹ ਮੁਖ ਉਜਲੇ॥ ਨਾਮੇ ਸਗਲੇ ਕੁਲ ਉਧਰੇ॥
ਨਾਮਿ ਹਮਾਰੇ ਕਾਰਜ ਸੀਧ॥ ਨਾਮ ਸੰਗਿ ਇਹੁ ਮਨੂਆ ਗੀਧ॥੩॥
ਨਾਮੇ ਹੀ ਹਮ ਨਿਰਭਉ ਭਏ॥ ਨਾਮੇ ਆਵਨ ਜਾਵਨ ਰਹੇ॥
ਗੁਰਿ ਪੂਰੈ ਮੇਲੇ ਗੁਣਤਾਸ॥ ਕਹੁ ਨਾਨਕ ਸੁਖਿ ਸਹਜਿ ਨਿਵਾਸੁ॥੪॥੨॥੪॥(ਗੋਂਡ ਮਹਲਾ ੫, ਪੰਨਾ ੮੬੩)

(ਪੁਸਤਕ 'ਗੁਰਮਤਿ ਲੇਖ' ਵਿਚੋਂ)



www.AKJ.Org

# ਬਲਿਓ ਚਰਾਗੁ ਅੰਧ੍ਯਾਰ ਮਹਿ

(ਪ੍ਰਿ: ਸੱਜਣ ਸਿੰਘ ਜੀ)

ਪੰਚਮ ਪਾਤਸ਼ਾਹ ਦੇ ਰਚਿਤ ਸਵੱਯਾਂ ਵਿਚ ਵੀ ਮੁੱਖ ਤੌਰ ਤੇ ਅਦ੍ਰਿਸ਼ਟ ਪ੍ਰਭੂ ਦੀ ਮਹਿਮਾ ਦਾ ਵਰਨਣ ਹੈ, ਕੇਵਲ ਦੋ ਐਸੀਆਂ ਪੰਗਤੀਆਂ ਹਨ ਜਿਨ੍ਹਾਂ ਵਿਚ ਸਤਿਗੁਰੂ ਨਾਨਕ ਦੇਵ ਜੀ ਦੀ ਮਹਾਨ ਸਖਸ਼ੀਅਤ ਦੀ ਝਲਕ ਦਿਖਾਈ ਦਿੰਦੀ ਹੈ। ਜਿਵੇਂ ਰਾਤ ਦੇ ਅੰਧੇਰੇ ਵਿੱਚ ਇਕ ਬਲਦਾ ਚਰਾਗ ਜਗਮਗਾਉਂਦਾ ਦੀਪਕ ਆਪਣੀ ਰੌਸ਼ਨੀ ਨਾਲ ਪਾਂਧੀਆਂ ਨੂੰ ਸਹੀ ਮਾਰਗ ਦਿਖਾ ਕੇ ਆਪਣੀ ਮੰਜ਼ਲ ਤੱਕ ਪਹੁੰਚਾਉਣ ਦੀ ਸਮਰੱਥਾ ਰੱਖਦਾ ਹੈ ਤਿਵੇਂ ਹੀ ਗੁਰੂ ਨਾਨਕ ਦੇਵ ਸਾਹਿਬ ਐਸੀ ਜਾਗਤ ਜੋਤ ਦੇ ਮੁਜੱਸਮੇਂ ਹਨ ਜਿਨ੍ਹਾਂ ਨੇ ਅਗਿਆਨਤਾ ਦੇ ਤਮ ਅੰਧੇਰੇ ਵਿੱਚ ਪੈਰ ਪੈਰ ਤੇ ਠੇਡੇ ਖਾ ਰਹੇ ਪ੍ਰਾਣੀਆਂ ਨੂੰ ਪਰਮਾਰਥ ਦੇ ਗਾਡੀ ਰਾਹ ਤੇ ਚੱਲਣ ਦੇ ਯੋਗ ਬਣਾਇਆ ਹੈ। ਆਪ ਜੀ ਦੇ ਗਿਆਨ ਦਾ ਚਾਨਣ ਵਾਸਤਵ ਵਿੱਚ ਅਕਾਲੀ ਜੋਤਿ ਦਾ ਪ੍ਰਕਾਸ਼ ਸੀ ਇਕ ਇਲਾਹੀ ਨੂਰ ਸੀ, ਜਿਸ ਨੂੰ ਤੱਕਣ ਦੀ ਅੱਖ ਕਿਸੇ ਵਿਰਲੇ ਹੀ ਜੀਵ ਕੋਲ ਸੀ। ਹਜ਼ੂਰ ਦਾ ਫੁਰਮਾਨ ਹੈ

ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥ (੧੩੮੭)

ਬੁੱਤ ਪ੍ਰਸਤਾਂ ਜਾਂ ਦੇਵੀ ਦੇਵਤਿਆਂ ਦੇ ਪੁਜਾਰੀਆਂ ਨੂੰ ਰੱਬੀ ਨੂਰ ਦੀ ਪਛਾਣ ਬਿਲਕੁੱਲ ਨਹੀਂ ਸੀ, ਕਿਉਂਕਿ ਉਹ ਇੱਕ ਨੂੰ ਵਿਸਾਰ ਕੇ ਅਨੇਕਾਂ ਪਿੱਛੇ ਭੱਜਦੇ ਸਨ। ਪਾਰ ਉਤਾਰਾ ਤਾਂ ਕੇਵਲ ਹਰੀ ਨਾਮ ਦੁਆਰਾ ਹੋਣਾ ਸੀ ਤੇ ਇਸ ਅਨਮੋਲ ਵਸਤੂ ਦੇ ਉਹ ਗਾਹਕ ਨਹੀਂ ਸਨ। ਜੋਤੀ ਸਰੂਪ, ਗੁਰੂ ਨਾਨਕ ਦੇਵ ਜੀ ਦੇ ਹਿਰਦੇ ਵਿੱਚ ਇਸ ਅਕਾਲੀ ਜੋਤਿ ਦਾ ਪ੍ਰਕਾਸ਼ ਪੂਰਨ ਸਰੂਪ ਵਿੱਚ ਸੀ ਤੇ ਇਸੇ ਨਾਮ ਪ੍ਰਕਾਸ਼ ਦੁਆਰਾ ਸਗਲੀ ਸ੍ਰਿਸ਼ਟੀ ਦਾ ਉਧਾਰ ਹੋਣਾ ਸ਼ੁਰੂ ਹੋਇਆ ਸੀ।

ਇਹ ਕਰਤਾਰ ਦੀ ਲੀਲਾ ਹੈ, ਉਸ ਦੀ ਮੌਜ ਹੈ ਜਾਂ ਖੇਡ ਹੈ ਜਿਸ ਦੇ ਭਾਣੇ ਅੰਦਰ ਇਕ ਪਾਸੇ ਬਲਵਾਨ, ਦੁਸ਼ਟ, ਹੰਕਾਰੀ ਸੰਤ ਜਨਾਂ ਦੇ ਪਿੱਛੇ ਪੈਂਦੇ ਹਨ ਦੂਜੇ ਪਾਸੇ ਆਪ ਹੀ, ਉਨ੍ਹਾਂ ਦੀ ਰੱਖਿਆਂ ਲਈ ਕਿਸੇ ਯੋਗ ਹਸਤੀ ਨੂੰ ਸੱਚਾ ਮਦਦਗਾਰ ਥਾਪ ਕੇ ਸੰਸਾਰ ਵਿੱਚ ਭੇਜਦਾ ਹੈ। ਪਰ ਏਥੇ ਨਿਰੰਕਾਰ ਨੇ ਕਿਸੇ ਨੂੰ ਨਹੀਂ ਭੇਜਿਆਂ ਬਲਕਿ ਆਪ ਹੀ ਆਪਣਾ ਰੂਪ ਵਟਾ ਕੇ ਸੰਸਾਰ ਵਿੱਚ ਪ੍ਰਗਟ ਹੋਏ। ਭੱਟਾਂ ਨੇ ਪਹਿਲੇ ਤਿੰਨ ਗੁਰੂ ਵਿਅਕਤੀਆਂ ਦੀ ਇੱਕ-ਮਿੱਕਤਾ ਤੇ ਅਕਾਲ ਪੁਰਖ ਨਾਲ ਅਭੇਦਤਾ, ਇਨ੍ਹਾਂ ਸ਼ਬਦਾਂ ਦੁਆਰਾ ਦਰਸਾਈ ਹੈ।

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥
ਜਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ॥
ਨਾਨਕ ਕੁਲਿ ਨਿੰਮਲ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ॥
ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ॥ (੧੩੯੫)

ਬਿਲਕੁਲ ਇਸ ਤਰ੍ਹਾਂ ਦੀ ਵੀਚਾਰ-ਧਾਰਾ ਦਾ ਪ੍ਰਗਟਾਵਾ ਮਥਰਾ ਭੱਟ ਨੇ ਆਪਣੇ ਸਵਈਆਂ ਦੁਆਰਾ ਕੀਤਾ ਹੈ-

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥ (੧੪੦੮)



www.AKJ.Org

ਸੰਸਾਰੀਆਂ ਨੂੰ ਆਪ ਸੰਸਾਰੀ ਦਿਸੱਦੇ ਸਨ ਪਰ ਗੁਰਮੁਖਾਂ ਦੀ ਦ੍ਰਿਸ਼ਟੀ ਵਿਚ ਆਪ ਅਜਿਹੇ ਕੰਵਲ ਦੇ ਫੁੱਲ ਸਨ ਜਿਨ੍ਹਾਂ ਦੀ ਸੁਰਤੀ ਸੁਰਜਾਂ ਦੇ ਸੂਰਜ ਅਕਾਲ ਪੁਰਖ ਦੇ ਚਰਨਾਂ ਵਿਚ ਸਮਾਈ ਹੋਈ ਸੀ। ਸੰਸਾਰੀ ਸਦਾ ਹੀ ਧਰਤੀ ਦੀ ਖਿੱਚ ਦਾ ਸ਼ਿਕਾਰ ਬਣਦਾ ਆਇਆ ਹੈ। ਇਸ ਦੀ ਉਪਰ ਉਡਣ ਦੀ ਕੋਸ਼ਿਸ਼ ਸਫਲ ਨਹੀਂ ਹੁੰਦੀ। ਥੋੜ੍ਹੀ ਜਿਹੀ ਉਕਾਈ ਪੈਣ ਤੇ ਹੀ ਥੱਲੇ ਆ ਡਿਗਦਾ ਹੈ। ਗੁਰਦੇਵ ਜੀ ਦੇ ਪਾਵਨ ਹਿਰਦੇ ਵਿਚ ਆਕਾਸ਼ ਦੇ ਅਗਨੀ ਦਾ ਤੱਤ ਪਰਧਾਨ ਸੀ। ਜਿਥੇ ਆਪ ਦੀ ਸੁਰਤੀ ਅਗਨੀ ਵਾਂਗਰ ਅਰਸ਼ਾਂ ਵਲ ਉਡਾਰੀ ਮਾਰਦੀ ਰਹਿੰਦੀ ਸੀ, ਉਥੇ ਆਪ ਵਿੱਚ ਪਤਿਤ ਜਨਾਂ ਨੂੰ ਮੋਹ ਦੇ ਚਿਕੱੜ ਵਿਚੋਂ ਕੱਢ ਕੇ ਉਪਰ ਉਠਾਉਣ ਦੀ ਅਥਾਹ ਸ਼ਕਤੀ ਸੀ। ਸਾਡੀ ਨਜ਼ਰ ਪੰਜ ਭੂਤਕ ਸਰੀਰ ਤੋਂ ਅੱਗੇ ਨਹੀਂ ਜਾਂਦੀ ਪਰ ਆਪ ਜੀ ਦੇ ਹਿਰਦੇ ਵਿਚ ਕੇਵਲ ਅਕਾਲ ਪੁਰਖ ਦੀ ਰੱਬੀ ਜੋਤਿ ਦਾ ਪ੍ਰਕਾਸ਼ ਸੀ। ਇਹ ਜੋਤਿ ਮੂਲ ਰੂਪ ਵਿੱਚ ਇਕੋ ਸੀ ਅਰਥਾਤ ਨਿਰਗੁਨ ਸਰੂਪ ਤੇ ਸਰਗੁਨ ਸਰੂਪ ਵਿੱਚ ਸਾਂਝੀ ਸੀ। ਇਸ ਜੋਤਿ ਦੀ ਝਲਕ ਸਭ ਤੋਂ ਪਹਿਲਾਂ ਦੌਲਤਾਂ ਦਾਈ ਨੇ ਤੱਕੀ ਸੀ। ਸੂਰਜ ਦੀ ਰੌਸ਼ਨੀ ਤੋਂ ਵਧੀਕ ਪ੍ਰਕਾਸ਼ ਵਾਲੀ ਤੇ ਚੰਦਰਮਾਂ ਦੀ ਸੀਤਲਤਾ ਦੀ ਰੌਸ਼ਨੀ ਤੋਂ ਵੱਧ ਠੰਢਕ ਪਹੁਚਾਉਣ ਵਾਲੀ ਜੋਤਿ ਤੱਕ ਕੇ ਉਹ ਨਿਹਾਲ ਹੋ ਗਈ ਸੀ। ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ "ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ"

ਅਕਾਲ ਪੁਰਖ ਦੇ ਅਨੰਤ ਗੁਣਾਂ ਵਿਚੋਂ ਵਿਸ਼ੇਸ਼ ਗੁਣ ਦੈਵੀ ਜੋਤਿ ਦੀ ਮਹੱਤਤਾ ਦਾ ਅਸਥਾਨ ਇਸ ਲਈ ਵੀ ਉਚਾ ਹੈ ਕਿ ਉਸ ਭਿਆਨਕ ਕਾਲ ਵਿੱਚ ਕੂੜ ਅਮਾਵਸ, ਅੰਧਕਾਰ ਤੇ ਅਗਿਆਨਤਾ ਦਾ ਬੋਲ ਬਾਲਾ ਸੀ। ਕਲਿਜੁਗ ਦਾ ਪਹਿਰਾ ਜੋਬਨ ਤੇ ਸੀ। ਰਾਜਿਆਂ ਨੇ ਧਰਮ ਤੇ ਨਿਆਉ ਨੂੰ ਤਿਆਗ ਕੇ ਕਸਾਈਆਂ ਦਾ ਕਰਮ ਅਪਣਾਇਆ ਹੋਇਆ ਸੀ। ਪੰਡਤ ਤੇ ਮੁਲਾਣੇ ਬਾਂਸ ਵਾਗਰ ਖਹਿ ਖਹਿ ਮਰਦੇ ਸਨ। ਅੰਦਰੋਂ ਪੋਲੇ, ਬਾਹਰੋਂ ਹੰਕਾਰੀ, ਕਪਟੀ ਤੇ ਗੁਣ-ਹੀਨ ਸਨ।

ਇਕ ਪਾਸੇ ਪੰਡਤਾਂ ਦਾ ਕਰਮ ਕਾਂਡ, ਜਾਤ-ਪਾਤ, ਛੂਤ-ਛਾਤ, ਚਾਰ ਵਰਨਾਂ ਦਾ ਭੇਦ-ਭਾਵ ਨਿਰਾ ਅਗਿਆਨਤਾ ਦਾ ਚਿਤਰ ਸੀ, ਦੂਜੇ ਪਾਸੇ ਰਾਜਸੀ ਖੇਤਰ ਵਿੱਚ ਧਾਰਮਕ ਕੱਟੜਤਾ ਦੇ ਗਹਿਰੇ ਬੱਦਲ ਛਾਏ ਹੋਏ ਸਨ। ਮੁਲਾਣਿਆਂ ਤੇ ਮੌਲਵੀਆਂ ਦਾ ਨਿਰਣਾ ਤੇ ਫੈਸਲਾ, ਸਚਾਈ ਤੋਂ ਦੂਰ, ਬੇਇਨਸਾਫੀ, ਝੂਠ, ਕਪਟ ਤੇ ਵਿਤਕਰੇ ਤੇ ਆਧਾਰਤ ਸੀ। ਹਜ਼ੂਰ ਦਾ ਫੁਰਮਾਨ ਹੈ:-

ਸਲੋਕ ਮ:੧॥
ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ਮਾਝ ਕੀ ਵਾਰ-੧੪੫

ਇਕ ਗੁਰਮੁਖ ਵੀਰ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਸੱਚ ਦੀ ਭਾਲ ਵਿਚ ਵਿਆਕੁਲ ਹੁੰਦੇ ਦਰਸਾਇਆ ਹੈ। ਇਹ ਅਰਥ ਕੁਢੰਗੇ, ਅਯੋਗ ਤੇ ਸਤਿਕਾਰ-ਰਹਿਤ ਹਨ। ਹਕੀਕਤ ਵਿੱਚ ਗੁਰਦੇਵ ਜੀ ਨੇ ਸਾਧਾਰਨ ਜੀਵ ਦੀ ਅਵਸਥਾ ਦਾ ਬਿਆਨ ਆਪਣੇ ਉਤੇ ਘਟਾ ਕੇ ਕੀਤਾ ਹੈ। ਇਹ ਵਿਧੀ ਗੁਰਬਾਣੀ ਵਿੱਚ, ਕਈ ਥਾਵਾਂ ਤੇ ਦੇਖਣ ਵਿਚ ਆਉਂਦੀ ਹੈ। ਪੰਨਾ ੭੨੯ ਤੇ ਹਜ਼ੂਰ ਦਾ ਮੁੱਖ ਵਾਕ "ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥" (ਸੂਹੀ ਮਹਲਾ ੧) ਸਾਖੀਆਂ ਅਨੁਸਾਰ ਸ਼ੇਖ ਸੱਜਣ ਪ੍ਰਤੀ ਉਚਾਰਿਆ ਹੋਇਆ ਹੈ ਨਾ ਕਿ ਹਜ਼ੂਰ ਦੀ ਆਪਣਾ ਅਵਸਥਾ ਦੀ ਤਸਵੀਰ ਹੈ। ਉਸ ਸਮੇਂ ਸਰਮ ਧਰਮ ਦੋਨੋ ਛੁੱਪ ਗਏ ਸਨ ਤੇ ਸੰਸਾਰ ਵਿਚ ਮੱਸਿਆ ਦੀ ਰਾਤ ਵਾਂਗਰ ਅੰਧੇਰਾ ਛਾਇਆ ਹੋਇਆ ਸੀ, ਜਿਵੇਂ ਕਿ ਸੱਚ ਦਾ ਚੰਦ੍ਰਮਾ ਚੜ੍ਹਿਆ ਹੀ ਨਹੀਂ ਹੁੰਦਾ। ਸਾਧਾਰਨ ਜੀਵ ਨੂੰ ਅੰਧਕਾਰ ਵਿਚ ਕੋਈ ਰਸਤਾ ਨਹੀਂ ਸੀ ਦਿਸਦਾ ਤੇ ਉਹ ਵਿਆਕੁਲ ਹੋਇ ਭਟਕਦਾ ਫਿਰਦਾ ਸੀ। ਗੁਰੂ ਨਾਨਕ ਜੀ ਫੁਰਮਾਉਂਦੇ ਹਨ ਕਿ ਇਸ ਤਰਸ ਯੋਗ ਅਵਸਥਾ ਵਿਚ ਭੀ ਉਹ ਆਤਮ-ਸਮਰਪਨ


www.AKJ.Org

ਬਿਨਾ ਨਿਗੁਰਾ ਪੁਰਸ਼, ਆਪਣੀ ਹੰਗਤਾ ਵਿਚ ਦੁਖੀ ਹੈ, ਉਸ ਦਾ ਪਾਰ ਉਤਾਰਾ ਕਿਵੇਂ ਹੋ ਸਕਦਾ ਹੈ ?

ਇਸ ਪ੍ਰਸ਼ਨ ਦਾ ਢੁੱਕਵਾਂ ਹਲ ਅਗਲੇ ਸਲੋਕ ਵਿਚ ਅੰਕਿਤ ਹੈ। ਪਾਰ ਉਤਾਰੇ ਦਾ ਉਚਾਰਣ ਹੈ ਜਿਹੜਾ ਪਰਤੱਖ ਤੌਰ ਤੇ ਸੰਸਾਰ ਵਿਚ ਪਸਰੇ ਹੋਏ ਅੰਧੇਰੇ ਨੂੰ ਦੂਰ ਕਰਕੇ ਚਾਨਣ ਪਰਦਾਨ ਕਰਦਾ ਹੈ। ਪਰ ਕੋਈ ਵਿਰਲਾ ਜਨ ਹੀ ਗੁਰਉਪਦੇਸ਼ ਦੁਆਰਾ ਭਵਸਾਗਰ ਤੋਂ ਪਾਰ ਹੁੰਦਾ ਹੈ। ਇਹ ਅਮੋਲਕ ਰਤਨ ਉਸ ਨੂੰ ਪ੍ਰਾਪਤ ਹੁੰਦਾ ਹੈ ਜਿਸ ਉਤੇ ਅਕਾਲ ਪੁਰਖ ਦੀ ਨਦਰਿ ਰਹਿਮਤ ਹੋਵੇ।

ਮ:੩॥ ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ॥ ਗੁਰਮੁਖਿ ਕੋਈ ਉਤਰੈ ਪਾਰਿ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ॥ (੧੪੫)

ਸਾਰਾ ਸੰਸਾਰ ਅੰਧ ਗਹੇਰਾ ਸੀ। ਅਰਥਾਤ ਸੰਘਣਾ ਹਨੇਰਾ ਹਰੇਕ ਜਗ੍ਹਾ ਛਾਇਆ ਹੋਇਆ ਸੀ। ਕਿਸੇ ਨੂੰ ਵੀ ਆਪਣੇ ਕਰਤੱਵ ਦੀ ਪਛਾਣ ਨਹੀਂ ਸੀ। ਜੇ ਮਾਇਆ ਧਾਰੀ ਅੰਨ੍ਹੇ ਤੇ ਬੋਲੇ ਸਨ ਤਾਂ ਗਰੀਬ, ਅਨਾਥ, ਬੇਵਸ ਤੇ ਲਾਚਾਰ ਲੋਕਾਂ ਦੇ ਜੀਵਨ ਦਾ ਸਤਰ ਪਸ਼ੂਆਂ ਦੇ ਜੀਵਨ ਤੋਂ ਉਚਾ ਨਹੀਂ ਸੀ। ਕਿਸੇ ਦੀ ਘਾਲ, ਮਿਹਨਤ, ਨਿਸਫਲ ਨਹੀਂ ਜਾਂਦੀ ਪਰ ਪਥੱਰਾਂ, ਮੜ੍ਹੀਆਂ, ਮਸਾਣਾਂ ਦੀ ਘਾਲਣਾ ਨੂੰ ਗੁਰਦੇਵ ਜੀ ਨੇ ਬਿਰਥੀ ਆਖਿਆ ਹੈ।

ਜੋ ਗੁਰ ਕਉ ਜਨੁ ਪੂਜੇ ਸੇਵੇ ਸੋ ਜਨੁ ਮੇਰੇ ਹਰਿ ਪ੍ਰਭ ਭਾਵੈ॥
ਹਰਿ ਕੀ ਸੇਵਾ ਸਤਿਗੁਰੁ ਪੂਜਹੁ ਕਰਿ ਕਿਰਪਾ ਆਪਿ ਤਰਾਵੈ॥੨॥
ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ॥
ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ॥(ਮਲਾਰ ਮਹਲਾ ੪) (੧੨੬੩-੬੪)

ਫੁੱਲ ਤੋੜ ਕੇ ਬੇਜਾਨ ਪੱਥਰਾਂ ਤੇ ਸਮਾਧਾਂ ਨੂੰ ਪੂਜਣ ਵਾਲਿਆਂ ਨੂੰ ਅਗਿਆਨੀ ਤੇ ਅੰਧੇ ਆਖਿਆ ਹੈ।

ਉਸ ਸਮੇਂ ਐਸੇ ਆਗੂ ਦੀ ਲੋੜ ਸੀ ਜਿਹੜਾ ਅੰਨ੍ਹਿਆਂ ਨੂੰ ਆਤਮ ਦ੍ਰਿਸ਼ਟੀ ਦੇ ਸਕੇ, ਬੁੱਝੀ ਹੋਈ ਆਤਮਾ ਨੂੰ ਰੌਸ਼ਨੀ ਦੇ ਸਕੇ। ਸਤਿਗੁਰੂ ਨਾਨਕ ਦੇਵ ਜੀ ਦਾ ਆਗਮਨ ਕੀ ਸੀ, ਮਾਨੋਂ ਸੂਰਜ ਦਾ ਉਗਵਨਾ ਸੀ। ਭਾਈ ਗੁਰਦਾਸ ਜੀ ਦੇ ਬਚਨ ਹਨ:-

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗਿ ਚਾਨਣ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ॥

ਉਸ ਸਮੇਂ ਪੀਰਾਂ, ਫਕੀਰਾਂ, ਵਲੀਆਂ, ਸਾਧਾਂ, ਸੰਤਾਂ, ਜੋਗੀਆਂ, ਸਿੱਧਾਂ ਆਦਿਕ ਦੀ ਕਮੀਂ ਨਹੀਂ ਸੀ ਪਰ ਜਿਸ ਦੇ ਆਪਣੇ ਹਿਰਦੇ ਵਿਚ ਜੋਤਿ ਦਾ ਪ੍ਰਕਾਸ਼ ਨਾ ਹੋਵੇ, ਉਹ ਦੂਜਿਆਂ ਦੇ ਹਨੇਰੇ ਹਿਰਦਿਆਂ ਵਿਚ ਚਾਨਣ ਕਿਵੇਂ ਪਰਦਾਨ ਕਰ ਸਕਦਾ ਹੈ। ਅੰਨੇ ਆਗੂ ਨੇ ਕਿਸੇ ਦਾ ਪਾਰ ਉਤਾਰਾ ਨਹੀਂ ਕੀਤਾ, ਉਹ ਆਪਣੇ ਸੇਵਕਾਂ ਨੂੰ ਖੱਡੇ ਵਿਚ ਸੁੱਟਦਾ ਆਇਆ ਹੈ। ਐਸੇ ਪਰਉਪਕਾਰੀ ਕਾਰਜ ਦੀ ਪੂਰਤੀ ਲਈ ਹਮਦਰਦੀ, ਤਿਆਗ, ਨਿਰਪੱਖਤਾ, ਕੁਰਬਾਨੀ ਦੀ ਭਾਵਨਾ, ਹਿੰਮਤ ਸ਼ਕਤੀ ਦਲੇਰੀ, ਭਗਤੀ ਜਗਦੀ ਜੋਤਿ ਦਾ ਮਾਲਕ ਹੋਣਾ ਬਹੁਤ ਜ਼ਰੂਰੀ ਸੀ। ਸਤਿਗੁਰੂ ਨਾਨਕ ਦੇਵ ਜੀ ਦੀ ਅਥਾਹ ਤਪੱਸਿਆ, ਬੇਲਾਗ ਤਿਆਗ ਤੋਂ ਪ੍ਰਸੰਨ ਹੋ ਕੇ ਅਕਾਲ ਪੁਰਖ ਨੇ ਸਗਲ ਲੋਕਾਈ ਸੋਧਣ ਦੀ ਆਗਿਆ ਬਖ਼ਸ਼ੀ, ਜਿਸ ਦੇ ਫਲਸਰੂਪ ਗੁਰਦੇਵ ਜੀ ਨੇ ਚਾਰ ਉਦਾਸੀਆਂ **ਆਰੰਭ** ਕੀਤੀਆਂ।

ਸਾਡੇ ਮਨਾਂ **ਵਿੱਚ ਗਿਆਨ** ਤੇ ਧਿਆਨ ਦੇ ਸੁਮੇਲ ਦੀ ਕੀਮਤ ਕੋਈ ਕਦਰ ਨਹੀਂ। ਬੇਸ਼ਕ ਗਿਆਨ ਆਪਣੇ ਤੇ **ਦੂਜੇ ਦੇ ਉਧਾਰ ਲਈ** ਸਹਾਇਕ ਹੈ ਪਰ ਧਿਆਨ ਬਿਨਾਂ ਗਿਆਨ ਫੋਕਟ ਤੇ ਪ੍ਰਭਾਵ ਹੀਨ ਹੈ। ਨਿਰਾ **ਧਿਆਨ ਆਪਣੇ ਲਈ ਸੀਮ**ਤ ਰਹਿੰਦਾ ਹੈ ਕਈ ਮਹਾਂ ਪੁਰਸ਼ਾਂ ਦੇ ਬਚਨਾਂ ਵਿੱਚ ਸਿੱਧੀ ਹੈ ਪਰ ਉਹ ਗੁਰਬਾਣੀ ਦੁਆਰਾ ਅਟਕੇ ਹੋਏ ਬੰਦਿਆਂ ਦੀ ਰੁਕਾਵਟ ਦੂਰ ਨਹੀਂ ਕਰਦੇ। ਸ਼ਾਇਦ ਅਕਾਲ ਪੁਰਖ ਦਾ ਉਨ੍ਹਾਂ ਪ੍ਰਤੀ ਇਹੋ ਭਾਣਾ ਹੈ। ਕਈ ਵਿਦਵਾਨ ਗੋਸ਼ਟੀ ਵਿੱਚ ਯੁਕਤੀ ਤੇ ਦਲੀਲ ਦੀ ਭਰਪੂਰ ਵਰਤੋਂ ਕਰਨ ਦੇ ਯੋਗ ਹਨ ਪਰ ਉਨ੍ਹਾਂ ਦਾ ਆਪਣਾ ਸਮੁੱਚਾ ਜੀਵਨ ਆਤਮਕ ਜੋਤਿ ਤੋਂ ਸਖੱਣਾ ਹੈ।

ਗੁਰਦੇਵ ਜੀ ਦੇ ਨਾਮ ਤੇ ਗਿਆਨ ਵੱਖਰੇ ਨਹੀਂ ਸਨ। ਇਹ ਤਾਣੇ ਪੇਟੇ ਵਾਂਗਰ ਅਭੇਦ ਤੇ ਇੱਕ


www.AKJ.Org

ਇੱਕ ਸਨ। ਨਾਮ ਵਿੱਚ ਗਿਆਨ ਦੀ ਰੌਸ਼ਨੀ ਜਗਦੀ ਸੀ ਤੇ ਗਿਆਨ ਵਿੱਚ ਨਾਮ ਦਾ ਰੰਗ ਚੜ੍ਹਿਆ ਹੋਇਆ ਸੀ। ਆਪ ਜੀ ਦੀ ਪਰਉਪਕਾਰੀ ਕਰਨੀ ਵਿੱਚ ਨਾਮ ਦਾ ਚਾਨਣ ਤੇ ਗਿਆਨ ਦਾ ਚਰਾਗ ਅਲੱਗ ਅਲੱਗ ਨਹੀਂ ਸਨ, ਨਾਮ ਦੀ ਸ਼ਕਤੀ ਤੇ ਗਿਆਨ ਦਾ ਖੜਗ ਇਕੋ ਸਿੱਕੇ ਦੇ ਦੋ ਪਾਸੇ ਸਨ।

ਹਜ਼ੂਰ ਦੀ ਦੇਹ, ਵਾਸਤਵ ਵਿਚ ਦਿਖਾਵੇ ਮਾਤਰ ਸੀ। ਇਸ ਦੀ ਸੋਝੀ ਕਿਸੇ ਵਿਰਲੇ ਜਨ ਨੂੰ ਹੀ ਸੀ। ਇਸ ਤੱਤ ਦਾ ਗਿਆਨ ਜੋਤੀ ਜੋਤਿ ਸਮਾਉਣ ਬਾਅਦ ਹੋਇਆ, ਜਦ ਉਨ੍ਹਾਂ ਦਾ ਪੰਜ-ਭੂਤਕ ਸਰੀਰ ਪੰਜਾਂ ਤੱਤਾਂ ਵਿੱਚ ਸਮਾ ਕੇ ਆਕਾਰ-ਰਹਿਤ ਹੋ ਗਿਆ। ਆਪ ਜੀ ਐਸੀ ਅਦ੍ਰਿਸ਼ਟ ਜੋਤਿ ਸਨ ਜਿਸ ਦੀ ਲੋਅ ਸਗਲ ਸ੍ਰਿਸ਼ਟੀ ਨੂੰ ਪ੍ਰਕਾਸ਼ ਵੰਡਦੀ ਸੀ ਤਾਂ ਤੇ ਸਗਲ ਸੰਸਾਰ ਹੀ ਆਪ ਜੀ ਦਾ ਸਰੀਰ ਸੀ। ਸੰਸਾਰ ਵਿਚ ਜਿੱਥੇ ਕਿੱਥੇ ਵੀ ਚੀਖਾਂ, ਪੁਕਾਰਾਂ ਤੇ ਕੂਕਾਂ ਫਰਿਆਦਾਂ ਦੀ ਧੁਨੀ ਉਠਦੀ ਸੀ, ਆਪ ਜੀ ਨੂੰ ਸੁਣਾਈ ਦਿੰਦੀ ਸੀ। ਵਿਤਕਰੇ ਭਰਿਆ ਵਰਤਾਉ, ਪਖੰਡ ਜਾਲ, ਜ਼ੁਲਮ ਤੇ ਤਸ਼ੱਦਦ ਨਾਲ ਗ੍ਰਸਿਆ ਵਾਤਾਵਰਨ ਗੁੱਝਾ ਨਹੀਂ ਸੀ। ਅਧਿਆਤਮਕਤਾ ਤੇ ਮਾਰਗ ਤੇ ਚੱਲਣ ਵਾਲੇ ਪਾਂਧੀਆਂ ਦੀਆਂ ਰੁਕਾਵਟਾਂ ਤੇ ਅੜਚਨਾਂ ਦਾ ਚਿੱਤਰ ਦਿਖਾਈ ਦਿੰਦਾ ਸੀ। ਜਿਵੇਂ ਸਾਨੂੰ ਆਪਣੇ ਸਰੀਰ ਦੇ ਅੰਗਾਂ ਦੇ ਦੁੱਖ-ਸੁੱਖ ਦਾ ਅਹਿਸਾਸ ਹੁੰਦਾ ਹੈ, ਆਪ ਨੂੰ ਸਾਰੇ ਜਗਤ ਦੀ ਵੇਦਨਾ ਦਾ ਗਿਆਨ ਸੀ। ਦੂਜੇ ਸ਼ਬਦਾਂ ਵਿੱਚ ਗੁਰਦੇਵ ਜੀ ਨੂੰ ਸਾਰੀ ਪਿਰਥਵੀ ਅਗਨੀ ਨਾਲ ਜਲਦੀ ਦਿਖਾਈ ਦੇ ਰਹੀ ਸੀ। ਜਗਤ ਦੀ ਅਜਿਹੀ ਦਰਦਨਾਕ ਦਸ਼ਾ ਅਨੁਭਵ ਕਰਕੇ ਆਪ ਬੇਫਿਕਰੀ ਦੀ ਨੀਂਦਰ ਵਿਚ ਕਿਵੇਂ ਸੌਂ ਸਕਦੇ ਸਨ।

ਸਿਧ ਗੋਸਿਟ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਤੇ ਸਿੱਧਾਂ ਦੀ ਚਰਚਾ ਦਾ ਜਿਹੜਾ ਮਜ਼ਮੂਨ ਪੇਸ਼ ਕੀਤਾ ਹੈ, ਉਹ ਗਿਆਨ, ਨਾਮ ਸਿਮਰਨ ਤੇ ਹੱਠ ਯੋਗ ਨਾਲ ਸੰਬੰਧਤ ਹੈ। ਏਥੇ ਗੁਰਦੇਵ ਜੀ ਨੇ ਉਨ੍ਹਾਂ ਦੇ ਪ੍ਰਸ਼ਨਾਂ ਤੇ ਉਤਰਾਂ ਦੇ ਇਲਾਵਾਂ ਉਨ੍ਹਾਂ ਦੀਆਂ ਕਰਾਮਾਤੀ ਸ਼ਕਤੀਆਂ ਦਾ ਜਵਾਬ ਵੀ ਉਸੇ ਰੂਪ ਦੇ ਕੇ ਨਾਮ ਦੀ ਮਹਿਮਾ ਨੂੰ ਉਜਾਗਰ ਕੀਤਾ ਹੈ। ਸਿੱਧਾਂ ਤੇ ਜੋਗੀਆਂ ਨੇ ਸਾਰੇ ਪੱਖਾਂ ਤੋਂ ਬਹੁਤ ਜ਼ੋਰ ਲਗਾਇਆ ਪਰ ਸਤਿਗੁਰੂ ਜੀ ਦੇ ਨਾਮ-ਰਤੜੇ, ਗਿਆਨ ਭਰਪੂਰ ਬਚਨ ਤੇ ਨੂਰਾਨੀ ਚਿਹਰੇ ਦੀ ਤਾਬ ਝੱਲ ਨਹੀਂ ਸਕੇ।

ਸਤਿਗੁਰ ਅਗਮ ਅਗਾਧਿ ਪੁਰਖ ਕੇਹੜਾ ਝੱਲੇ ਗੁਰੂ ਦੀ ਝਾਲਾ।। ਭਾਈ ਗੁਰਦਾਸ ਜੀ ੧/੩੧

ਚਰਚਾ ਵਿੱਚ ਨਿਰੁੱਤਰ ਹੋਏ ਤੇ ਸ਼ਕਤੀਆਂ ਵਰਤ ਕੇ ਅਸਫਲ ਹੋਏ ਸਿੱਧਾਂ ਨੂੰ ਗੁਰੂ ਸਾਹਿਬ ਦੀ ਪ੍ਰਸੰਸਾ ਕਰਨੀ ਪਈ।

ਸਿਧਿ ਬੋਲਨਿ ਸੁਭ ਬਚਨ ਧਨੁ ਨਾਨਕ ਤੇਰੀ ਵਡੀ ਕਮਾਈ।।
ਵਡਾ ਪੁਰਖ ਪਰਗਟਿਆ ਕਲਿਜੁਗ ਅੰਦਰਿ ਜੋਤਿ ਜਗਾਈ।। ੧/੪੪

ਇਸੇ ਚਰਚਾ ਦੌਰਾਨ ਸਿਧਾਂ ਨੇ ਪੁਛਿਆਂ ਸੀ ਕਿ ਹਿਰਦੇ ਵਿੱਚ ਰੱਬੀ ਜੋਤਿ ਦਾ ਪ੍ਰਕਾਸ਼ ਕਿਵੇਂ ਹੁੰਦਾ ਹੈ। ਗੁਰਦੇਵ ਜੀ ਨੇ ਦਲੀਲ ਰਾਹੀਂ ਸਮਝਾਇਆ ਕਿ ਜਿਵੇਂ ਚੰਦਰਮਾਂ ਵਿਚ ਰੌਸ਼ਨੀ ਨਹੀਂ ਹੈ, ਪਰ ਜਦ ਉਸ ਵਿਚ ਸੂਰਜ ਦਾ ਚਾਨਣਾ ਪੈਂਦਾ ਹੈ ਤਾਂ ਉਸ ਦਾ ਹਨੇਰਾ ਦੂਰ ਹੁੰਦਾ ਹੈ ਤਿਵੇਂ ਹੀ ਗੁਰਸ਼ਬਦ ਦੁਆਰਾ ਰੱਬੀ ਜੋਤਿ ਦਾ ਪ੍ਰਤਿਬਿੰਬ ਹਿਰਦੇ ਵਿਚ ਅਪਾਰ ਰੌਸ਼ਨੀ ਉਤਪੰਨ ਕਰਦਾ ਹੈ। ਗੁਰਫੁਰਮਾਨ ਹੈ—

ਸਬਦੁ ਭਾਖਤ ਸਸਿ ਜੋਤਿ ਅਪਾਰਾ।। ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ।(ਸਿਧ ਗੋਸਟਿ-੯੪੩)

ਕ੍ਰਿਪਾਲੂ ਸਤਿਗੁਰ ਦਇਆਲ ਹੋ ਕੇ ਜਦ ਨਾਮ ਦੀ ਬਖਸ਼ਸ਼ ਕਰਦਾ ਹੈ ਤਾਂ ਜਿਥੇ ਹਨੇਰਾ ਹੋਵੇ, ਉਹ ਅਸਥਾਨ, ਉਹ ਹਿਰਦਾ ਲੱਖਾਂ ਕ੍ਰੋੜਾਂ ਸੂਰਜਾਂ ਦੇ ਚਾਨਣ ਨਾਲ ਜਗਮਗਾਉਣ ਲੱਗ ਪੈਂਦਾ ਹੈ।

ਅੰਧਕਾਰ ਕੋਟਿ ਸੂਰ ਉਜਾਰੰ।। ਬਿਨਵੰਤਿ ਨਾਨਕ ਹਰਿ ਗੁਰ ਦਯਾਰੰ।।

(ਸਲੋਕ ਸਹਸਕ੍ਰਿਤੀ ਮਹਲਾ ੫-੧੩੫੯)

ਸਤਿਗੁਰ ਰਾਮਦਾਸ ਜੀ ਨੇ ਗੁਰਸਬਦ ਦੇ ਅਨਮੋਲ ਗੁਣਾਂ ਦਾ ਬਿਆਨ ਆਪਣੇ ਨਿਜੀ ਤਜਰਬੇ ਦੇ ਆਧਾਰ ਤੇ ਦਰਸਾਇਆ ਹੈ। ਆਪ ਫੁਰਮਾਉਂਦੇ ਹਨ ਜਿਸ ਵਡਭਾਗੇ ਜੀਵ ਨੇ ਸਤਿਗੁਰੂ ਦਾ ਉਪਦੇਸ਼ ਅਰਥਾਤ

(ਬਾਕੀ ਪੰਨਾ ੨੯ ਤੇ ...)

# ਸਮੂਹ ਪੰਥ ਦਰਦੀਆਂ ਦੇ ਵਿਚਾਰਨ ਯੋਗ ਨੁਕਤਾ

**ਵੇਖੋ**

*ਅੰਮ੍ਰਿਤ ਛਕਾਉਣ ਵਾਲਿਆਂ ਵੱਲੋਂ ਕਿਤਨੇ ×*
*(ਪ੍ਰਤੀਸ਼ਤ) ਦੀ ਛੂਟ, ਹੁਣ ਤਾਂ ੧੯੯੯*
*ਦੀ ਵਿਸਾਖੀ ਤਕ ਅੰਮ੍ਰਿਤ ਛੱਕ ਲਵੋ*

## ਭਾਵੇਂ

ਸਿਰੋਂ ਨੰਗੇ ਫਿਰੋ, ਕੇਸ਼ ਰੰਗੋ, ਦਾੜ੍ਹੀ ਰੰਗੋ, ਨੱਕ ਵਿਚ ਕੋਕੇ ਪਾਵੋ, ਕੰਨਾਂ ਵਿਚ ਵਾਲੀਆਂ ਪਾਵੋ, ਫੈਸ਼ਨੇਬਲ ਤੇ ਭੜਕਾਊ, ਕਪੜੇ, ਪਾਵੋ, ਰੱਜ ਕੇ ਹਾਰ-ਸ਼ਿੰਗਾਰ (ਮੇਕਅਪ) ਕਰੋ ਆਪਣੇ ਨਾਮ ਨਾਲ ਜਾਤ ਲਾਵੋ, ਗੋਤ ਵਿਚਾਰੋ, ਰਖੜੀਆਂ ਬੰਨੋ, ਟਿੱਕੇ ਲਗਾਓ, ਹੋਲੀਆਂ ਖੇਲੋ, ਲੋਹੜੀ ਬਾਲੋ, ਵਿਆਹ ਸ਼ਾਦੀਆਂ ਵਿਚ ਭੰਗੜੇ ਪਾਵੋ, ਲਾਲ ਚੂੜਾ, ਲਾਲ ਸੂਟ, ਗੁਲਾਬੀ ਸੂਟ ਪਾਓ, ਦਾਜ ਮੰਗੋ, ਮਿਰਤਕ ਪ੍ਰਾਣੀ ਦੇ ਭੋਗ ਵੇਲੇ ਗੁਰਦੁਆਰੇ ਵਿਚ ਭਾਂਡੇ, ਬਿਸਤਰੇ ਅਤੇ ਸ਼ਰਧਾਂਜਲੀਆਂ ਅਰਪਣ ਕਰੋ, ਮਿਰਤਕ ਪ੍ਰਾਣੀ ਦੇ ਫੁੱਲ ਚੁਗੋ, ਫੁੱਲਾਂ ਨੂੰ ਕੀਰਤਪੁਰ ਸਾਹਿਬ ਜਾਂ ਹਰਿਦੁਆਰ ਲੈ ਜਾਵੋ, ਬੱਚਿਆਂ ਦੇ ਜਨਮ ਦਿਹਾੜਿਆਂ ਤੇ ਕੇਕ ਕੱਟੋ, ਨਾਚ ਗਾਣੇ ਸਿਨਮੇ ਦੇਖੋ, ਸਰਾਧਾਂ ਵਿਚ ਆਪਣੇ ਗੁਜਰ ਚੁੱਕੇ ਬਜੁਰਗਾਂ ਦੀ ਯਾਦ ਵਿਚ ਗੁਰਦੁਆਰੇ ਵਿਚ ਅਰਦਾਸ ਕਰਾਓ, ਵਰਤ ਰੱਖੋ, ਬੇਅੰਮ੍ਰਿਤੀਆਂ ਨਾਲ ਵਿਆਹ ਕਰਾਓ, ਪਵਿੱਤਰ ਤੇ ਅਪਵਿੱਤਰ ਦਿਨ ਮਿੱਥੋ, ਗੁਰੂ ਘਰ ਦੀ ਗੋਲਕ ਦੀ ਨਾਜਾਇਜ਼ ਵਰਤੋਂ ਕਰੋ, ਆਪਣੀ ਲੀਡਰੀ ਚਮਕਾਣ ਲਈ ਦੂਜੇ ਗੁਰਸਿੱਖਾਂ ਦੀਆਂ ਪੱਗਾਂ ਲਾਹੋ, ਝੂਠ ਬੋਲੋ, ਫਰੇਬ ਕਰੋ ਠੱਗੀ ਕਰੋ ਦੂਜਿਆਂ ਦਾ ਹੱਕ ਮਾਰੋ, ਗੁਰਬਾਣੀ ਦੇ ਕੀਰਤਨ ਤੇ ਕਥਾ ਦੀ ਮੂੰਹ ਮੰਗੀ ਭੇਟਾ ਲੈਕੇ ਗੁਰਬਾਣੀ ਵੇਚੋ, ਬ੍ਰਾਹਮਣਵਾਦ ਦੇ ਮਗਰ ਲੱਗ ਕੇ ਮੰਗਲਵਾਰ ਗੁਰਦੁਆਰੇ ਬੂੰਦੀ ਦਾ ਪ੍ਰਸ਼ਾਦ ਤੇ ਸ਼ਨੀਵਾਰ ਨੂੰ ਛੋਲਿਆਂ ਦਾ ਪ੍ਰਸ਼ਾਦ ਵਰਤਾਓ, ਅਨਮਤੀਆਂ ਦੇ ਧਰਮ ਅਸਥਾਨਾਂ ਤੇ ਜਾਕੇ ਪੂਜਾ-ਅਰਚਾ ਕਰੋ, ਕ੍ਰਿਪਾਨ ਉਤਾਰ ਕੇ ਕਿੱਲੀ ਨਾਲ ਟੰਗ ਦਿਓ, ਨੜੀਮਾਰ (ਬੀੜੀ ਸਿਗਰੇਟ ਪੀਣ ਵਾਲੇ) ਦੇ ਹੱਥ ਦੇ ਤਿਆਰ ਕੀਤੇ ਪਕਵਾਨ ਛੱਕੋ। ਸ਼ਰਾਬ ਪੀਵੋ, ਹੋਰ ਨਸ਼ੇ ਕਰੋ, ਅੰਡਾ ਮੀਟ ਮੁਰਗਾ ਮੱਛੀ ਖਾਵੋ। ਆਪਣੇ ਪਿਆਰੇ ਦੇਸ਼ ਤੇ ਕੌਮ ਧਰੋਹੀ ਬਣੋ।

## *ਪਰ ਅੰਮ੍ਰਿਤ ਜਰੂਰ, ਜਰੂਰ ਤੇ ਜਰੂਰ ਹੀ ਛੱਕੋ*

**ਕੀ** ਕਿਉਂਕਿ **ਸਾਡੇ** ਵਰਗੇ ਗੁਰਸਿੱਖਾਂ ਦੀ ਗੁਰੂ ਸਾਹਿਬ ਨੂੰ ਬਹੁਤ ਸਖਤ ਜਰੂਰਤ ਹੈ
ਕੋਈ **ਵੀ ਸੋਝੀਵਾਨ** ਮਨੁੱਖ ਮਾਤਰ ਅੰਮ੍ਰਿਤ ਧਾਰੀ ਤੋਂ ਇਹੀ ਉਮੀਦ ਕਰੇਗਾ ?

ਪਰ ਸਦ **ਅਫਸੋਸ ਕਿ** ਇਹ ਉਪਰਲੀਆਂ ਸਾਰੀਆਂ ਢਿੱਲਾਂ ਮੌਜੂਦਾ ਸ਼੍ਰੋਮਣੀ ਜੱਥੇਬੰਦੀਆਂ ਵਿਚ ਹੀ ਦੇਖੀਆਂ ਜਾ ਰਹੀਆਂ **ਹਨ।**

ਚਾਹੀਦਾ ਇਹ **ਸੀ ਕਿ ਦੂਜੇ** ਮੱਤਾਂ ਵਾਲੇ ਲੋਗ ਵੀ ਕਿਸੇ ਅੰਮ੍ਰਿਤ ਧਾਰੀ ਨੂੰ ਦੇਖਕੇ ਭਰੋਸਾ ਕਰਦੇ ਪਰ ਅੱਜ ਤਾਂ ਜਿਆਦਾ **ਤਰ ਅੰਮ੍ਰਿਤਧਾਰੀ** ਦਾ ਅੰਮ੍ਰਿਤਧਾਰੀ ਤੇ ਹੀ ਵਿਸ਼ਵਾਸ਼ ਨਹੀਂ ਰਿਹਾ।

ਅਪੀਲ :- *ਅੰਮ੍ਰਿਤ ਛਕਾਉਣ ਵਾਲਿਆਂ ਪ੍ਰਤੀ ਨਿਮਰਤਾ ਸਹਿਤ ਦੋਇ ਹੱਥ ਜੋੜ ਤਹ ਦਿਲੋਂ ਬੇਨਤੀ ਹੈ ਕੇ ਜਿਹੜਾ ਜਗਿਆਸੂ ਇਨ੍ਹਾਂ ਉਪਰਲੀਆਂ ਗੱਲਾਂ ਤੋਂ ਪਰਹੇਜ ਦਾ ਪ੍ਰਣ ਕਰੇ ਉਸਨੂੰ ਹੀ ਇਸ ਅਮਲਕ ਦਾਤ ਦਾ ਪਾਤਰ ਜਾਣ ਕੇ ਅੰਮ੍ਰਿਤ ਛਕਾਇਆ ਜਾਵੇ ਨਹੀਂ ਤਾਂ ਅੰਮ੍ਰਿਤ ਵਰਗੀ [illegible] ਤੇ ਅਲੱਭ ਦਾਤ ਨੂੰ ਮਿੱਟੀ ਵਿਚ ਰੋਲਣ ਵਾਲੀ ਗੱਲ ਹੈ, ਜਿਸ ਦੀ ਜਿੰਮੇਵਾਰੀ ਤੋਂ ਅੰਮ੍ਰਿਤ ਛਕਾਉਣ ਵਾਲੇ ਕਦੇ ਬਚ ਨਹੀਂ ਸਕਦੇ।*


www.AKJ.Org

# ਗੁਰੂ ਨਾਨਕ ਦੇਵ ਜੀ ਦੀ ਪ੍ਰਤਿਭਾ

(ਸ: ਸੇਵਾ ਸਿੰਘ ਜੀ 'ਸੇਵਕ')

ਜੁਗਾਂ ਦੀਆਂ ਚਉਕੜੀਆਂ ਦੀ ਅਦਲਾ ਬਦਲੀ ਬਾਰੇ ਵਿਚਾਰਵਾਨ ਇਹ ਗੱਲ ਦਸਦੇ ਹਨ ਕਿ ਕਲਜੁਗ ਵਿਚ ਧਰਮ ਰੂਪੀ ਬਲਦ ਦੀ ਇਕੋ ਲੱਤ ਰਹਿ ਜਾਂਦੀ ਹੈ। ਧਰਤੀ ਦਾ ਭਾਰ ਪਾਪਾਂ ਦੇ ਬੋਝ ਨਾਲ ਇੰਨਾ ਵਧ ਜਾਂਦਾ ਹੈ ਕਿ ਧਰਮ-ਧੌਲ ਦਾ ਅੜਾਟ ਨਿਕਲ ਜਾਂਦਾ ਹੈ। 'ਪਾਪ-ਗਰਾਸੀ ਪ੍ਰਿਥਵੀ' ਦੇ ਅਝੱਲ ਭਾਰ ਤੋਂ ਆਤੁਰ ਹੋ ਕੇ ਧਰਮ-ਧੌਲ ਅਕਾਲ ਪੁਰਖ ਅੱਗੇ ਪੁਕਾਰ ਕਰਦਾ ਹੈ। ਵਾਹਿਗੁਰੂ ਜੀ ਕਿਸੇ ਪੁਰਸ਼ ਨੂੰ ਭੇਜਦੇ ਹਨ ਜੋ ਆਪਣੇ ਵਿਚਾਰਾਂ ਤੇ ਕਰਤਵਾਂ ਨਾਲ ਦੁਨੀਆਂ ਤੋਂ ਪਾਪਾਂ ਦਾ ਬੋਝ ਉਤਾਰਦਾ ਹੈ।

ਕਲਜੁਗ ਦੀ ਵਰਤਮਾਨ ਫੇਰੀ ਵਿਚ ਅਜ ਤੋਂ ਪੰਜ ਸੌ ਸਾਲ ਪਹਿਲਾਂ ਦੁਨੀਆਂ ਦੀ ਅਜਿਹੀ ਦਸ਼ਾ ਹੋ ਰਹੀ ਸੀ ਕਿ ਰਾਜਾ ਤੋਂ ਲੈ ਕੇ ਰੰਕ ਤਕ, ਆਸਤਕ ਤੋਂ ਲੈ ਕੇ ਨਾਸਤਕ ਤਕ, ਵਿਦਵਾਨ ਤੋਂ ਲੈ ਕੇ ਓਮੀ ਤਕ ਤੇ ਉਚ ਜਾਤੀ ਤੋਂ ਲੈ ਕੇ ਨੀਵੀਂ ਜਾਤ ਤਕ, ਸਭ ਆਪੋ ਆਪਣੀ ਧਰਮ ਅਥਵਾ ਫ਼ਰਜ਼ ਨੂੰ ਛਡ ਕੇ ਪਾਪ, ਅਤਿਆਚਾਰ, ਕੁਕਰਮ ਤੇ ਭਰਿਸ਼ਟਾਚਾਰ ਵਿਚ ਲਗ ਰਹੇ ਹਨ। ਭਾਈ ਗੁਰਦਾਸ ਜੀ ਦੇ ਉਸ ਸਮੇਂ ਦੇ ਖਿੱਚੇ ਨਕਸ਼ੇ ਦੀ ਵੰਨਗੀ ਇਸ ਪਰਕਾਰ ਹੈ:-

ਕਲਿ ਆਈ ਕੁਤੇ ਮੁਹੀ, ਖਾਜੁ ਹੋਆ ਮੁਰਦਾਰੁ ਗੁਸਾਈ।
ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ ।

ਅੱਡ ਅੱਡ ਧਰਮਾਂ ਦੇ ਲੋਕ, ਇਕ ਅਕਾਲ ਪੁਰਖ ਦੀ ਅਰਾਧਨਾ ਛਡ ਕੇ ਮਾਇਆ ਦੇ ਅਨੇਕ-ਚਿੰਤਨ ਵਿਚ ਫੱਸੇ ਹੋਏ ਦੁਖੀ ਹੋ ਰਹੇ ਹਨ। ਵਾਹਿਗੁਰੂ ਜੀ ਨੇ ਦੁਨੀਆਂ ਦੀ ਇਸ ਦੀਨ-ਹੀਨ ਦਸ਼ਾ ਉਤੇ ਤਰਸ ਖਾ ਕੇ, ਸੰਸਾਰੀ ਜੀਵਾਂ ਨੂੰ ਉਨ੍ਹਾਂ ਦਾ ਅਸਲਾ, ਮੂਲ ਰੂਪ ਪਰਮਾਤਮਾ ਤੋਂ ਨਿਸਚੇ ਕਰਾਉਣ ਤੇ ਏਕ ਚਿੰਤਨ ਵਲ ਲਾਉਣ ਲਈ ਕਲਜੁਗ ਦੇ ਅਵਤਾਰ ਸਤਿਗੁਰ ਨਾਨਕ ਦੇਵ ਜੀ ਨੂੰ ਭੇਜਿਆ। ਧਰਮ-ਧੌਲ ਦੇ ਚਾਰੇ ਪੈਰ ਪੂਰੇ ਕਰ ਦਿਤੇ ਤੇ ਚਹੁੰ ਵਰਣਾਂ ਦਾ ਭੇਦ ਭਾਵ-ਮਿਟਾ ਕੇ ਆਦਰਸ਼ਕ ਮਨੁੱਖਤਾ ਦਾ ਇਕੋ ਵਰਣ ਕਾਇਮ ਕਰ ਦਿਤਾ। ਗੁਰੂ ਨਾਨਕ ਜੀ ਜਿਹੇ ਸੁਯੋਗ ਮਾਂਦਰੀ ਨੇ ਸਤਿਨਾਮ ਦਾ ਅਜਿਹਾ ਮੰਤ੍ਰ ਫੂਕਿਆ ਕਿ ਦੁਨੀਆਂ ਦੀ ਕਾਇਆ ਹੀ ਪਲੱਟ ਦਿਤੀ। ਜਿਵੇਂ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ:-

ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰ ਇਕ ਦਿਖਾਇਆ।
ਚਾਰੇ ਪੈਰ ਧਰਮ ਦੇ, ਚਾਰ ਵਰਨ ਇਕ ਵਰਨ ਕਰਾਇਆ।
ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗ ਵਰਤਾਇਆ।
ਉਲਟਾ ਖੇਲ ਪਿਰੰਮ ਦਾ, ਪੈਰਾਂ ਉਪਰ ਸੀਸ ਨਿਵਾਇਆ ।
ਕਲਿਜੁਗ ਬਾਬੇ ਤਾਰਿਆ ਸਤਿਨਾਮ ਪੜ੍ਹ ਮੰਤ੍ਰ ਸੁਣਾਇਆ।
ਕਲਿ ਤਾਰਨ ਗੁਰ ਨਾਨਕ ਆਇਆ।

ਗੁਰੂ ਜੀ ਦੇ ਸਰਬ-ਸਾਂਝੇ ਤੇ ਸਰਬੱਤੀ ਉਪਦੇਸ਼ ਨੇ ਸਾਰੇ ਲੋਕਾਂ ਦੇ ਦਿਲਾਂ ਦੇ ਅੰਦਰ ਗੱਡੇ ਹੋਏ ਵਹਿਮਾਂ, ਭਰਮਾਂ, ਗ਼ਲਤ ਫ਼ਲਸਫ਼ਿਆਂ ਤੇ ਕਰਮ-ਕਾਂਡਾ ਨੂੰ ਜੜ੍ਹੋਂ ਉਖੇੜ ਮਾਰਿਆ। ਹੰਕਾਰੀ ਬ੍ਰਾਹਮਣਾਂ, ਹਠੀ ਤੇ ਕਰਾਮਾਤੀ ਸਿੱਧਾਂ ਨਾਥਾਂ ਜੋਗੀਆਂ, ਕੁਚੀਲ ਸਰੇਵੜਿਆਂ, ਜ਼ਾਲਮ ਰਾਜਿਆਂ, ਸੱਜਣ ਜਿਹੇ ਠੱਗਾਂ ਤੇ ਕੌਡੇ ਵਰਗੇ ਰਾਖ਼ਸ਼ਾਂ ਉਤੇ ਸਤਿਗੁਰੂ ਜੀ ਦਾ ਚਲਾਇਆ ਹੋਇਆ ਸਤਿਨਾਮ ਦਾ ਚੱਕਰ ਅਜਿਹਾ ਰਾਸ ਆਇਆ ਕਿ ਇਹਨਾਂ ਸਾਰਿਆਂ ਦੀ ਬੁਧ ਤੇ ਸੁਭਾਅ ਬਦਲ ਗਏ। ਸਭ, ਭੈੜੇ ਕਰਮਾਂ ਦੀ ਤਿਆਗ ਕਰ ਕੇ ਗੁਰੂ ਨਾਨਕ ਦੇ ਦੱਸੇ ਮਾਰਗ ਦੇ ਪੰਧਾਊ ਬਣ ਗਏ। ਨਾ ਕੇਵਲ ਆਪ ਹੀ ਨਿਸਚੇ ਤੇ ਸਿਦਕ ਨਾਲ ਨਿਰੰਕਾਰੀ ਪੰਥ ਦੇ ਅਨੁਯਾਈ ਬਣੇ ਸਗੋਂ ਇਕ ਇਕ ਨੇ ਸੈਂਕੜੇ ਤੇ ਹਜ਼ਾਰਾਂ ਦੇ ਜੀਵਨ ਪਲਟਾ ਦਿਤੇ। ਗੁਰੂ ਜੀ ਦਾ ਮਾਰਿਆ ਸਿੱਕਾ ਅਜਿਹਾ ਫਲੀ ਭੂਤ ਹੋਇਆ ਕਿ ਸੰਸਾਰ ਵਿਚ ਆਸਤਕਤਾ ਦੀ ਪਰਬਲ ਲਹਿਰ ਚਲ ਪਈ।

ਸਤਿਗੁਰੂ ਨਾਨਕ ਦੇਵ ਜੀ ਨੇ ਸਮੇਂ ਦੇ ਹਾਕਮਾਂ ਦੇ ਜ਼ੁਲਮ ਤੇ ਕੁਕਰਮਾਂ ਦੀ ਦਲੇਰੀ ਨਾਲ ਵਿਰੋਧਤਾ



www.AKJ.Org

ਕੀਤੀ। ਉਨ੍ਹਾਂ ਦੀ ਅਸਲੀ ਗ਼ਲਤੀ ਉਹਨਾਂ ਦੇ ਸਾਹਮਣੇ ਰਖੀ ਤੇ ਬੜੇ ਸਖ਼ਤ ਸ਼ਬਦਾਂ ਵਿਚ ਤਾੜਨਾ ਕੀਤੀ। ਇਹ ਗੁਰੂ ਜੀ ਦੀ ਨਿਰਭੈਤਾ ਦੀ ਉਸ ਸਮੇਂ ਦੀ ਹੱਦ ਸੀ ਜਦੋਂ ਕਿ ਮਨੁਖੀ ਜੀਵਨ ਦਾ ਮੁਲ ਇਕ ਕੀੜੇ ਜਿੰਨਾ ਵੀ ਨਹੀਂ ਸੀ ਪੈਂਦਾ ਤੇ ਲੋਕ-ਰਾਇ ਦਾ ਨਾਂ ਨਿਸ਼ਾਨ ਤਕ ਵੀ ਨਹੀਂ ਸੀ। ਆਪ ਨੇ ਫ਼ੁਰਮਾਇਆ:-

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥ (ਮ:੧, ਪੰਨਾ ੧੨੮੮)

ਬਾਬਰ ਵਰਗੇ ਜਾਬਰ ਦੇ ਜ਼ੁਲਮ, ਉਸ ਦੇ ਮੂੰਹ ਉਤੇ ਅਜਿਹੀ ਨਿਰਭੈਤਾ ਨਾਲ ਨੰਗੇ ਕਰ ਕੇ ਦਿਖਾਲੇ ਕਿ ਉਸ ਨੇ ਅਗੋਂ ਲਈ ਅਤਿਆਚਾਰਾਂ ਤੋਂ ਤੋਬਾ ਕੀਤੀ। ਗੁਰੂ ਜੀ ਦੀ ਨਿਰਭੈਤਾ ਦੇਖੋ, ਬਾਬਰ ਨੂੰ ਕਹਿ ਰਹੇ ਹਨ ਕਿ:-

ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ॥ ........
ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ॥੨॥੩॥੫॥
(ਤਿਲੰਗ ਮ: ੧, ਪੰਨਾ ੭੨੨-੨੩)

ਭਾਵ ਕਿ ਬਾਬਰ ਦੇ ਜ਼ੁਲਮਾਂ ਦੀਆਂ ਸਚੀਆਂ ਗੱਲਾਂ ਮੈਂ ਹੁਣ ਬਾਬਰ ਦੇ ਮੂੰਹ ਰੂਬਰੂ ਸੁਣਾ ਰਹਿਆ ਹਾਂ, ਕਿਉਂਕਿ ਸੱਚ ਸੁਣਾਉਣ ਦਾ ਹੁਣੇ ਹੀ ਵੇਲਾ ਹੈ।

ਰਾਜਿਆਂ ਤੋਂ ਛੁਟ, ਆਪ ਕਾਰੋਬਾਰੀ ਲੋਕਾਂ ਨੂੰ ਉਨ੍ਹਾਂ ਦੇ ਫ਼ਰਜ਼ ਚਿਤਾਰਨ ਵਾਲੇ ਸਤਿਗੁਰੂ ਜੀ ਦੇ ਸ਼ਬਦ, ਸਦਾ ਲਈ ਸੰਸਾਰ ਦੀ ਅਗਵਾਈ ਕਰਨ ਦੀ ਸਮਰਥਾ ਰਖਦੇ ਹਨ। ਭਾਰਤ ਜਿਹੇ ਵਾਹੀ ਬੀਜੀ ਵਾਲੇ ਦੇਸ ਦੇ ਕਿਰਸਾਨਾਂ ਨੂੰ ਅੰਨ ਦਾਣਾ ਪੈਦਾ ਕਰਨ ਦੇ ਨਾਲ ਆਪ ਆਤਮਕ ਖੇਤੀ ਬਾੜੀ ਦੀ ਉਨਤੀ ਦਾ ਨੁਸਖ਼ਾ ਆਪ ਇਉਂ ਦਸੱਦੇ ਹਨ:-

ਮਨੁ ਹਾਲੀ, ਕਿਰਸਾਣੀ ਕਰਣੀ, ਸਰਮੁ ਪਾਣੀ, ਤਨੁ ਖੇਤੁ॥
ਨਾਮੁ ਬੀਜੁ, ਸੰਤੋਖੁ ਸੁਹਾਗਾ, ਰਖੁ ਗਰੀਬੀ ਵੇਸੁ॥
ਭਾਉ ਕਰਮ ਕਰਿ ਜੰਮਸੀ, ਸੇ ਘਰ ਭਾਗਠ ਦੇਖੁ॥੧॥
ਬਾਬਾ ਮਾਇਆ ਸਾਥਿ ਨ ਹੋਇ॥ ਇਨਿ ਮਾਇਆ ਜਗੁ ਮੋਹਿਆ,
ਵਿਰਲਾ ਬੂਝੈ ਕੋਇ॥ ਰਹਾਉ॥ (ਸੋਰਠ ਮ:੫, ਪੰਨਾ ੫੯੫)

ਅੱਜ ਕਲ੍ਹ ਵੀ ਕਲਜੁਗ ਦੇ ਪਰਭਾਵ ਨੇ ਲੋਕਾਂ ਦੇ ਦਿਲਾਂ ਵਿਚੋਂ ਵਾਹਿਗੁਰੂ ਜੀ ਦਾ ਭੈ ਭਾਉ ਦੂਰ ਕਰ ਦਿਤਾ ਹੈ। ਪੱਛਮ ਵਲੋਂ ਆਈ ਪਦਾਰਥਵਾਦ ਦੀ ਲਹਿਰ ਨੇ ਪੂਰਬ-ਵਾਸੀਆਂ ਨੂੰ ਵੀ ਮਾਇਆ-ਜਾਲ ਦੀ ਲਪੇਟ ਵਿਚ ਲੈ ਆਂਦਾ ਹੈ। ਇਥੋਂ ਤਕ ਕਿ ਭਾਰਤ-ਵਾਸੀਆਂ ਨੇ ਸੁਤੰਤਰ ਹੋਣ ਦੇ ਬਾਵਜੂਦ ਆਪਣੇ ਹੀ ਦੇਸ਼-ਵਾਸੀਆਂ ਨਾਲ ਹੇਰਾ ਫੇਰਾ, ਠੱਗੀ, ਚੋਰਬਜ਼ਾਰੀ ਤੇ ਨਫ਼ਾ-ਖ਼ੋਰੀ ਨੂੰ ਆਪਣਾ ਸ਼ੇਵਾ ਬਣਾ ਲਿਆ ਹੈ। ਅਜਿਹੇ ਭਰਾ-ਮਾਰੂ ਤੇ ਲੋਟੂ ਹਟਵਾਣੀਆਂ ਨੂੰ ਗੁਰੁ ਨਾਨਕ ਜੀ ਦਾ ਇਹ ਸੁਨੇਹਾ ਹੈ:-

ਹਾਣੁ ਹਟੁ ਕਰਿ ਆਰਜਾ, ਸਚੁ ਨਾਮੁ ਕਰਿ ਵਥੁ॥
ਸੁਰਤਿ ਸੋਚ ਕਰਿ ਭਾਂਡ ਸਾਲ, ਤਿਸੁ ਵਿਚਿ ਤਿਸ ਨੋ ਰਖੁ॥
ਵਣਜਾਰਿਆ ਸਿਉ ਵਣਜੁ ਕਰਿ, ਲੈ ਲਾਹਾ ਮਨ ਹਸੁ॥੨॥

ਕਲਜੁਗੀ ਜੀਵਾਂ ਉਤੇ ਮਾਇਆ ਰਾਣੀ ਦਾ ਅਜਿਹਾ ਜਾਦੂ ਵਾਲਾ ਚੱਕਰ ਚਲ ਰਹਿਆ ਹੈ। ਵਣਜ ਵਪਾਰ, ਅਖ਼ਬਾਰ, ਇਸ਼ਤਿਹਾਰ, ਬਚਨ, ਵਿਹਾਰ ਉਤੇ ਕਿਸੇ ਦਾ ਭਰੋਸਾ ਨਹੀਂ ਰਿਹਾ, ਜਿਸਦਾ ਅਸਰ ਦੇਸ ਦੀ ਆਰਥਕ, ਸਭਿਆਚਾਰਕ ਤੇ ਇਖ਼ਲਾਕੀ ਅਵਸਥਾ ਉਤੇ ਬਹੁਤ ਮਾੜਾ ਪੈਂਦਾ ਹੈ। ਗੁਰੂ ਜੀ ਨੇ ਲਾਲਚੀ ਪੁਰਸ਼ਾਂ ਨੂੰ ਇਉਂ ਤਾੜਿਆ ਸੀ:-

ਲਾਲਚੁ ਛੋਡਹੁ ਅੰਧਿਹੋ, ਲਾਲਚਿ ਦੁਖੁ ਭਾਰੀ॥
ਸਾਚੌ ਸਾਹਿਬੁ ਮਨਿ ਵਸੈ, ਹਉਮੈ ਬਿਖੁ ਮਾਰੀ॥੫॥ (ਆਸਾ ਮ:੧, ਪੰਨਾ ੪੧੯)

ਫੇਰ ਜਿਸ ਸਰੀਰ ਦੀ ਪਾਲਣਾ ਤੇ ਜਿੰਨ੍ਹਾਂ ਸੰਬੰਧੀਆਂ ਦੀ ਪੋਖਣਾ ਬਦਲੇ ਪ੍ਰਾਣੀ ਪਾਪ ਕਰਦਾ ਹੈ, ਉਹ ਕਾਲ ਦੀ ਬੁਰਕੀ ਹਨ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ:-


www.AKJ.Org

ਮਛੁਲੀ ਜਾਲੁ ਨ ਜਾਣਿਆ, ਸਰੁ ਖਾਰਾ ਅਸਗਾਹੁ॥
ਅਤਿ ਸਿਆਣੀ ਸੋਹਣੀ, ਕਿਉ ਕੀਤੋ ਵੇਸਾਹੁ॥
ਕੀਤੇ ਕਾਰਣਿ ਪਾਕੜੀ, ਕਾਲੁ ਨ ਟਲੈ ਸਿਰਾਹੁ॥੧॥
ਭਾਈ ਰੇ ਇਉ ਸਿਰਿ ਜਾਣਹੁ ਕਾਲੁ॥
ਜਿਉ ਮਛੀ ਤਿਉ ਮਾਣਸਾ, ਪਵੈ ਅਚਿੰਤਾ ਜਾਲੁ॥੧॥ ਰਹਾਉ॥ (ਸਿਰੀ ਰਾਗ ਮ:੧, ਪੰਨਾ ੫੫)

ਜੇ ਜੀਵਾਂ ਨੂੰ ਇਸ ਗੱਲ ਦਾ ਨਿਸਚਾ ਹੋ ਜਾਵੇ ਕਿ ਸਾਰਿਆਂ ਨੇ ਮਰ ਜਾਣਾ ਹੈ ਅਤੇ ਅੰਤ ਸਮੇ ਕੋਈ ਚੀਜ ਨਾਲ ਨਹੀਂ ਜਾਣੀ ਤਾਂ ਫੇਰ ਜੀਵ, ਮਾਇਆ ਵਿਚ ਗੰਦੀ ਨਾਲੀ ਦੇ ਕੀੜੇ ਵਾਂਗ ਮੁੜ ਮੁੜ ਕਿਉਂ ਘੁਸੜੇ ? ਗੁਰੂ ਜੀ ਨੇ ਅਜਿਹੇ ਮਾਇਆ-ਵੇੜਿਆਂ ਉਤੇ ਤਰਸ ਖਾ ਕੇ ਸੱਚੀ ਸਉਦਾਗਰੀ ਦਾ ਵੱਲ ਸਿਖਾਇਆ ਸੀ:-

ਸੁਣਿ ਸਾਸਤ ਸਉਦਾਗਰੀ, ਸਤੁ ਘੋੜੇ ਲੈ ਚਲੁ॥
ਖਰਚੁ ਬੰਨੁ ਚੰਗਿਆਈਆ, ਮਤੁ ਮਨ ਜਾਣਹਿ ਕਲੁ॥
ਨਿਰੰਕਾਰ ਕੈ ਦੇਸਿ ਜਾਹਿ, ਤਾ ਸੁਖਿ ਲਹਹਿ ਮਹਲੁ॥੩॥

ਕੇਵਲ ਸਚਾਈ, ਨੇਕੀ ਤੇ ਚੰਗਿਆਈ ਕਾਰਨ ਹੀ ਪ੍ਰਾਣੀ ਜਮਾਂ ਦੀ ਫਾਹੀ ਤੋਂ ਬਚ ਸਕਦਾ ਹੈ ਅਤੇ ਜੇ ਉਹ ਅਜਿਹੇ ਸਦ ਗੁਣਾਂ ਦਾ ਪੱਕਾ ਧਾਰਨੀ ਹੋ ਜਾਵੇ ਤਾਂ ਉਸ ਨੂੰ ਉਹ ਸਭ ਤੋਂ ਉਚੀ ਅਧਿਆਤਮਕ ਪਦਵੀ ਮਿਲ ਸਕਦੀ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਬੜੇ ਬੜੇ ਰਿਸ਼ੀ, ਮੁਨੀ, ਤਪੱਸਵੀ ਤੇ ਕਰਾਮਾਤੀ ਕਈ ਤਰ੍ਹਾਂ ਦੇ ਕਸ਼ਟ ਸਹਾਰਦੇ ਤੇ ਘਾਲਾਂ ਘਾਲਦੇ ਹਨ।

ਚਾਕਰਾਂ ਅਥਵਾ ਨੌਕਰਾਂ ਬਾਰੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਅਨੁਸਾਰ ਨੌਕਰੀ ਦੀ ਪਰਖ-ਵੱਟੀ ਇਹ ਹੈ ਕਿ ਨੌਕਰ ਨੂੰ ਮਾਲਕ ਦਾ ਡਰ ਨਾ ਰਹੇ। ਭਾਵੇਂ ਕਿ ਨੌਕਰ ਆਪਣੇ ਦੈਨਿਕ ਫ਼ਰਜ਼ ਅਜਿਹੀ ਵਫਾਦਾਰੀ ਤੇ ਇਮਾਨਦਾਰੀ ਨਾਲ ਪੂਰੇ ਕਰੇ ਕਿ ਪੜਤਾਲ ਕੀਤਿਆਂ ਉਸ ਉਤੇ ਕੋਈ ਹਰਫ਼ ਨਾ ਆਵੇ। ਗੁਰੂ ਜੀ ਕਹਿੰਦੇ ਹਨ:-

ਏਹ ਕਿਨੇਹੀ ਚਾਕਰੀ, ਜਿਤੁ ਭਉ ਖਸਮ ਨ ਜਾਇ॥
ਨਾਨਕ ਸੇਵਕੁ ਕਾਢੀਐ, ਜਿ ਸੇਤੀ ਖਸਮ ਸਮਾਇ॥੨॥ (ਮ:੨, ਪੰਨਾ ੪੭੫)

ਅਤੇ ਸੱਚੇ ਨੌਕਰਾਂ ਦੀ ਅਗਵਾਈ ਲਈ ਆਪ ਦਾ ਹੁਕਮ ਹੈ:-

ਲਾਇ ਚਿਤੁ ਕਰਿ ਚਾਕਰੀ, ਮੰਨਿ ਨਾਮੁ ਕਰਿ ਕੰਮੁ॥
ਬੰਨੁ ਬਦੀਆ ਕਰਿ ਧਾਵਣੀ, ਤਾ ਕੋ ਆਖੈ ਧੰਨੁ॥
ਨਾਨਕ ਵੇਖੈ ਨਦਰਿ ਕਰਿ, ਚੜੈ ਚਵਗਣ ਵੰਨੁ॥੪॥੨॥ (ਸੋਰਠ ਮ:੧, ਪੰਨਾ ੫੯੬)

ਪੰਜ ਸੌ ਤੋਂ ਵਧੀਕ ਸਾਲ ਬੀਤ ਜਾਣ ਤੋਂ ਬਾਅਦ ਵੀ ਗੁਰੂ ਨਾਨਕ ਦੇਵ ਜੀ ਦੀ ਅਮਰ ਆਤਮਾ, ਉਨ੍ਹਾਂ ਦੀ ਬਾਣੀ ਦੇ ਰੂਪ ਵਿਚ ਅੱਜ ਵੀ ਪ੍ਰਾਣੀ ਮਾਤਰ ਨੂੰ ਸਤ, ਪਿਆਰ ਨੇਕੀ, ਪਵਿਤਰਤਾ, ਈਮਾਨਦਾਰੀ, ਏਕਤਾ, ਭਰਾਤ੍ਰੀ, ਭਾਵ, ਸਹੋਦਰਤਾ ਤੇ ਸਰਬੱਤ ਦੇ ਭਲੇ ਦੀ ਮੰਗ ਕਰਨ ਲਈ ਵੰਗਾਰ ਰਹੀ ਹੈ। ਸਭ ਤੋਂ ਵਧੀਕ ਸਵੈ-ਪੜਚੋਲ ਦਾ ਦਿਨ, ਅੱਜ ਉਨ੍ਹਾ ਪ੍ਰਾਣੀਆਂ ਲਈ ਹੈ ਜੋ ਗੁਰੂ ਨਾਨਕ ਜੀ ਨੂੰ ਆਪਣਾ ਗੁਰੂ ਮੰਨਣ ਦਾ ਦਾਅਵਾ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੀ ਪ੍ਰਤਿਭਾ ਹਰੇਕ ਸਿਖ ਪਾਸੋਂ ਘਟੋ ਘੱਟ ਇਕ ਔਗੁਣ ਛਡਣ ਤੇ ਇਕ ਗੁਣ ਗ੍ਰਹਿਣ ਕਰਨ ਦੀ ਮੰਗ ਕਰਦੀ ਹੈ। ਸਾਨੂੰ ਖੁਲ੍ਹ ਪ੍ਰਾਪਤ ਹੈ ਕਿ ਅਸੀਂ ਇਹ ਚੋਣ ਕਰ ਲਈਏ ਕਿ ਅਸਾਂ ਝੂਠ, ਬੇਈਮਾਨੀ, ਨਸ਼ਾ ਸੇਵਨ, ਭਰਿਸ਼ਟਾਚਾਰ, ਵਿਚੋਂ ਕਿਹੜਾ ਔਗੁਣ ਆਉਣ ਵਾਲੇ ਨਾਨਕਸ਼ਾਹੀ ਸੰਮਤ ਵਿਚ ਛਡਣਾ ਹੈ ਤਾਂ ਅੰਮ੍ਰਿਤ ਵੇਲੇ ਉਠਣ, ਨਿਤਨੇਮ ਕਰਨ, ਨਾਮ ਜਪਣ, ਸਤਿ ਸੰਗ ਕਰਨ, ਸੁਕ੍ਰਿਤ ਕਰਨ, ਨੇਕੀ ਤੇ ਪਰਉਪਕਾਰ ਵਿਚੋਂ ਕਿਹੜਾ ਗੁਣ ਧਾਰਨ ਕਰਨਾ ਹੈ। ਦੂਸਰੇ ਇਕ ਗੁਣ ਦੀ ਦ੍ਰਿੜ੍ਹ ਧਾਰਨਾ ਹੀ ਇਕ ਸੱਚਾ ਤੇ ਸਫਲ ਢੋਆ ਹੋ ਸਕਦਾ ਹੈ, ਜਿਸ ਨੂੰ ਕਲਜੁਗ ਦਾ ਤਾਰਨਹਾਰ, ਮੇਰਾ ਗੁਰੂ ਪਾਤਸ਼ਾਹ ਅਗਾਂਹ ਹੱਥ ਪਸਾਰ ਕੇ ਪ੍ਰਵਾਨ ਕਰ ਸਕਦਾ ਹੈ।



www.AKJ.Org

# ਆਸਾ ਦੀ ਵਾਰ-ਇੱਕ ਅਧਿਅਨ

(ਬੀਬੀ ਅਜੀਤ ਕੌਰ ਲੁਧਿਆਣਾ )

'ਵਾਰ' ਇੱਕ ਪੁਰਾਤਨ ਪੰਜਾਬੀ ਕਾਵਿ ਰੂਪ ਹੈ। ਜਿਸ ਵਿਚੱ ਪਉੜੀਆਂ ਰਾਹੀਂ ਕਿਸੇ ਯੋਧੇ ਦੀ ਉਸਤਤ ਕੀਤੀ ਜਾਂਦੀ ਹੈ। ਪੁਰਾਤਨ ਪੰਜਾਬੀ ਸਾਹਿਤ ਵਿੱਚ ਕੁੱਝ ਇੱਕ ਵਾਰਾਂ ਦੇ ਨਮੂਨੇ ਮਿਲਦੇ ਹਨ ਜਿਨ੍ਹਾਂ ਨੂੰ ਭੱਟ ਜਾਂ ਢਾਡੀ ਗਾ ਕੇ ਪੜ੍ਹਦੇ ਹੁੰਦੇ ਸਨ। ਵਾਰ ਦੇ ਨਾਇਕ ਕੇਵਲ ਯੋਧੇ ਹੀ ਬਣਦੇ ਸਨ। ਗੁਰੂ ਜੀ ਨੇ ਆਪਣੇ ਆਪ ਨੂੰ ਢਾਡੀ ਕਹਿ ਕੇ ਪ੍ਰਭੂ ਦੀ ਉਸਤਤ ਵਿੱਚ ਵਾਰਾ ਲਿਖੀਆਂ ਜਿਵੇਂ ਵਾਰ ਮਾਝ, ਵਾਰ ਮਲ੍ਹਾਰ ਅਤੇ ਵਾਰ ਆਸਾ। ਇਨ੍ਹਾਂ ਤੋਂ ਬਾਅਦ ਹੋਰ ਗੁਰੂ ਸਾਹਿਬਾਂ ਨੇ ਵੀ ਵਾਰਾਂ ਲਿਖੀਆਂ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ਤੇ ਜਿਨ੍ਹਾਂ ਦੀ ਗਿਣਤੀ ਬਾਈ (੨੨) ਹੈ। ਇਹਨਾਂ ਵਾਰਾਂ ਵਿੱਚੋਂ ਸਭ ਤੋਂ ਵੱਧ ਗਾਈ ਜਾਣ ਵਾਲੀ ਵਾਰ 'ਆਸਾ ਦੀ ਵਾਰ' ਹੈ। ਇਸ ਵਾਰ ਦੀਆਂ 24 ਪਉੜੀਆਂ ਸਨ। ਬਾਅਦ ਵਿੱਚ ਗੁਰੂ ਅਰਜਨ ਦੇਵ ਜੀ ਨੇ ਇਸ ਵਿੱਚ ਸਲੋਕ ਵੀ ਦਰਜ ਕਰ ਦਿੱਤੇ।

ਗੁਰੂ ਨਾਨਕ ਦੇਵ ਜੀ ਨੇ ਇਸ ਵਾਰ ਦਾ ਕਰਤਾ ਨਿਰੰਕਾਰ ਨੂੰ ਬਣਾਇਆ ਹੈ ਜੋ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਉਸਦੇ ਨਿਰਗੁਣ ਨਿਰੰਕਾਰ ਰੂਪ ਤੋਂ ਸਰਗੁਣ ਸਰੂਪ ਪੈਦਾ ਹੋਇਆ ਹੈ। ਇਸ ਸੰਸਾਰ ਵਿੱਚ ਸਭ ਤੋਂ ਵੱਧ ਮਹੱਤਵ ਰੱਖਣ ਵਾਲਾ ਜੀਵ ਮਨੁੱਖ ਹੈ ਜਿਸ ਦੀ ਜੀਵਨ ਕਾਲ ਨੂੰ ਨਿਰੰਕਾਰ ਨੇ ਕਰਮਾਂ ਜਾਂ ਅਮਲਾਂ ਦੀ ਡੋਰ ਨਾਲ ਬੰਨਿਆਂ ਹੋਇਆ ਹੈ। ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਹੀ ਫਲ ਭੁਗਤਦਾ ਹੈ। ਗੁਰੂ ਜੀ ਦਸਦੇ ਹਨ ਕਿ ਜੋ ਮਨੁੱਖ ਆਪਣੇ ਆਪ ਨੂੰ ਨਿਰੰਕਾਰ ਦੇ ਸਿਮਰਨ ਵਿਚ ਲਾਉਂਦਾ ਹੈ ਉਹ ਸੰਸਾਰ ਵਿੱਚ ਜਿੱਤ ਪ੍ਰਾਪਤ ਕਰਦਾ ਹੈ:-

"ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥"

ਜੋ ਪ੍ਰਮਾਤਮਾ ਨੂੰ ਛੱਡ ਕੇ ਸੰਸਾਰੀ ਰਸਾਂ ਕਸਾਂ ਵਿੱਚ ਫਸ ਗਏ ਹਨ। ਉਹ ਧੰਦਿਆਂ ਦੇ ਸਾਗਰ ਵਿੱਚ ਡੁੱਬ ਮਰਦੇ ਹਨ। ਮਨੁੱਖ ਦੀਆਂ ਸਾਰੀਆਂ ਗੁੰਝਲਾਂ ਦਾ ਹੱਲ ਹਉਮੈ ਦਾ ਤਿਆਗ ਹੈ। ਜਿਸ ਮਨੁੱਖ ਨੇ ਹਉਮੈ ਨੂੰ ਮਾਰ ਲਿਆ ਹੈ ਉਹ ਪੂਰਨ ਸ਼ਾਂਤੀ ਪ੍ਰਾਪਤ ਕਰਦਾ ਹੈ। ਜੋ ਨਿਰੰਕਾਰ ਸਾਰੀ ਸ਼ਕਤੀ ਦਾ ਸੰਚਾਲਕ ਹੈ, ਉਸ ਦੇ ਹੁਕਮ ਨਾਲ ਸਭ ਕੁਝ ਹੋ ਰਿਹਾ ਹੈ। ਇਸ ਲਈ ਮੁਨੱਖ ਨੂੰ ਉਸਦੇ ਭਾਣੇ ਵਿੱਚ ਰਹਿਣਾ ਚਾਹੀਦਾ ਹੈ। ਜਿਵੇਂ ਆਪ ਜੀ ਫੁਰਮਾਉਂਦੇ ਹਨ:-

'ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ।'

ਅਤੇ ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ॥ ਸੋ ਕਰੇ ਜਿ ਤਿਸੈ ਰਜਾਇ॥

ਇੱਕ ਪਾਸੇ ਤਾਂ ਗੁਰੂ ਜੀ ਉਦਮ ਦੀ ਪ੍ਰੇਰਨਾ ਦੇਂਦੇ ਹਨ ਤੇ ਦੂਜੇ ਪਾਸੇ ਹੁਕਮ ਵਿੱਚ ਰਹਿਣ ਦਾ ਉਪਦੇਸ਼ ਦੇਂਦੇ ਹਨ ਜਿਹਾ ਕਿ:-

'ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥'

ਗੁਰੂ ਜੀ ਮਨੁੱਖ ਦੀ ਕਰਮਯੋਗੀ ਸ਼ਕਤੀ ਨੂੰ ਮੰਨਦੇ ਹਨ ਅਤੇ ਉਸਨੂੰ ਨੇਕੀ ਦੀ ਘਾਲ ਕਰਨ ਲਈ ਉਤਸ਼ਾਹ ਦੇਂਦੇ ਹਨ ਪਰ ਨਾਲ ਹੀ ਮਨੁੱਖ ਨੂੰ ਹਉਮੈ ਨੂੰ ਨਕੇਲ ਪਉਣ ਦੀ ਤਾਕੀਦ ਵੀ ਕਰਦੇ ਹਨ। ਇਸ ਵਾਰ ਵਿੱਚ ਜਿੱਥੇ ਗੁਰੂ ਜੀ ਭਗਤੀ-ਭਾਵ ਦ੍ਰਿੜ ਕਰਵਾਉਂਦੇ ਹਨ ਉਥੇ ਮਨੁੱਖ ਨੂੰ ਇੱਕ ਸਦਾਚਾਰ ਦਾ ਵਡਮੁੱਲਾ ਗੁਣ ਨਿਰਮਾਣ ਨੂੰ ਧਾਰਨ ਕਰਨ ਦੀ ਵੀ ਪ੍ਰੇਰਨਾ ਦੇਂਦੇ ਹਨ ਕਿਉਂਕਿ "ਨਿਵੈਂ ਸੋ ਗਉਰਾ ਹੋਇ, ਅਨੁਸਾਰ ਨਿਮ੍ਰਤਾ ਦੇ ਗੁਣਾਂ ਵਾਲਾ ਮਨੁੱਖ ਹੀ ਪ੍ਰਭੂ-ਦਰ ਤੇ ਪ੍ਰਵਾਣ ਚੜ੍ਹਦਾ ਹੈ 'ਹਉਮੈ ਸਾਰੇ ਝਗੜਿਆਂ ਦੀ ਜੜ੍ਹ ਹੈ ਤੇ ਇਹ ਰੱਬੀ ਮਿਲਾਪ ਵਿੱਚ ਰੁਕਾਵਟ ਪਾਉਂਦੀ ਹੈ। ਨਿਮ੍ਰਤਾ ਮਨੁੱਖ ਨੂੰ ਉਚਾ ਚੁੱਕਦੀ ਹੈ। ਗੁਰੂ ਜੀ ਫੁਰਮਾਉਂਦੇ ਹਨ:-

"ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥



www.AKJ.Org

ਜੀਉ ਪਿੰਡੁ ਸਭੁ ਤਿਸਦਾ ਦੇ ਖਾਜੈ ਆਖਿ ਗਵਾਈਐ॥
ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥''(੪੬੫)

ਭਾਵੇਂ ਗੁਰੂ ਜੀ ਨੇ ਇਸ ਵਿਸ਼ੇ ਨੂੰ ਹੋਰ ਰਚਨਾਵਾਂ ਵਿੱਚ ਵੀ ਲਿਆਂਦਾ ਹੈ ਪਰ 'ਆਸਾ ਦੀ ਵਾਰ' ਵਿੱਚ ਇਸ ਦਾ ਰੰਗ ਅਨੋਖਾ ਹੈ। ਇਹ ਵਾਰ ਪੁਰਾਤਨ ਸਮੇਂ ਤੋਂ ਹੀ ਰਾਗੀਆਂ ਢਾਡੀਆਂ ਦੁਆਰਾ ਸਾਜਾਂ ਨਾਲ ਗਾ ਕੇ ਪੜ੍ਹੀ ਜਾਂਦੀ ਰਹੀ ਹੈ। ਇਸ ਦਾ ਡੂੰਘਾ ਅਧਿਆਤਮਕ ਪ੍ਰਭਾਵ ਸੁਣਨ ਵਾਲਿਆਂ ਤੇ ਪੈਂਦਾ ਸੀ। ਗੁਰੂ ਅਰਜਨ ਦੇਵ ਜੀ ਨੇ ਇਕ ਚੇਤੰਨ ਸੁਧਾਰਕ ਦੇ ਪੱਖੋਂ ਸੋਚ ਕੇ ਇਸ ਵਾਰ ਨੂੰ ਅੰਮ੍ਰਿਤ ਵੇਲੇ ਰੋਜ਼ਾਨਾ ਪੜ੍ਹਨ ਦੀ ਰੀਤ ਚਲਾਈ। ਉਹ ਸੋਚਦੇ ਸਨ ਕਿ ਧਰਮ ਦੇ ਨਾਂ ਤੇ ਜੋ ਵਹਮ-ਭਰਮ ਚਲ ਰਹੇ ਹਨ ਉਹਨਾਂ ਦਾ ਪਾਜ ਉਘਾੜਿਆ ਜਾਵੇ। ਉਹਨਾਂ ਨੇ ਪਉੜੀਆਂ ਦੇ ਨਾਲ ਢੁੱਕਵੇਂ ਸਲੋਕ ਜੋੜ ਕੇ ਅੰਤਰੀਵ ਭਾਵ ਨੂੰ ਹੋਰ ਪ੍ਰਭਾਵਤ ਕੀਤਾ। ਇਹਨਾਂ ਸਲੋਕਾਂ ਵਿਚ ਥਾਂ ਥਾਂ ਤੇ ਪੁਰਾਣੀਆਂ ਸੜੀਆਂ ਬੁੱਸੀਆਂ ਮਜ਼ਹਬੀ ਸਮਾਜਿਕ ਤੇ ਆਚਾਰਣਕ ਜਿੰਦ ਹੀਨ ਰੀਤਾਂ ਦੀ ਬਾਰਬਾਰ ਭੰਡੀ ਕੀਤੀ ਗਈ ਹੈ। ਹੁਣ ਅਸੀਂ ਇਹਨਾਂ ਸਲੋਕਾਂ ਤੇ ਪਉੜੀਆਂ ਵਿੱਚ ਆਈ ਵਿਚਾਰਧਾਰਾ ਬਾਰੇ ਵਿਚਾਰ ਅੰਕਿਤ ਕਰਦੇ ਹਾਂ:-

1. **ਸੰਸਾਰ ਦਾ ਕਰਤਾ ਬ੍ਰਹਮਾ ਨਹੀਂ:-** ਸੰਸਾਰ ਦਾ ਕਰਤਾ ਕੋਈ ਬ੍ਰਹਮਾ ਆਦਿ ਦੇਵਤਾ ਨਹੀਂ। ਇਸ ਨੂੰ ਸਾਜਣ ਵਾਲਾ ਤਾਂ ਨਿਰੰਕਾਰ ਆਪ ਹੀ ਹੈ:-

''ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥ ਕਰਿ ਆਸਣੁ ਡਿਠੋ ਚਾਉ॥

੨.**ਰੱਬ ਕੁਦਰਤ ਵਿੱਚ ਵਸਦਾ ਹੈ:-** ਰੱਬੀ ਹਸਤੀ ਵਖਰੀ ਚੀਜ਼ ਨਹੀਂ ਸਗੋਂ ਇਸ ਸੰਸਾਰ ਦੇ ਅੰਦਰੋਂ ਬਿਰਾਜਮਾਨ ਹੋ ਕੇ ਸਾਰੇ ਕੌਤਕ ਵੇਖ ਰਹੀ ਹੈ:-

''ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥''

3. **ਪ੍ਰਮੇਸ਼ਰ ਸ੍ਰਿਸ਼ਟੀ ਦਾ ਸਰਗੁਣ ਸਰੂਪ ਹੈ:-** ਸਨਾਤਨੀ ਵਿਚਾਰ ਅਨੁਸਾਰ ਸੰਸਾਰ ਮਿਥਿਆ ਹੈ ਪਰ ਗੁਰੂ ਜੀ ਨੇ ਇਸ ਵਾਰ ਵਿੱਚ ਕਿਹਾ ਹੈ ਕਿ ਸ੍ਰਿਸ਼ਟੀ ਪ੍ਰਮੇਸ਼ਰ ਦਾ ਸਰਗੁਣ ਸਰੂਪ ਹੈ। ਇਹ ਸੋਝੀ ਵੀ ਪ੍ਰਮਾਤਮਾ ਸਾਨੂੰ ਆਪ ਹੀ ਦੇਂਦਾ ਹੈ। ਆਪ ਦੱਸਦੇ ਹਨ:-

''ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨੀ ਨੇਤ੍ਰੀ ਜਗਤੁ ਨਿਹਾਲਿਆ॥''

ਆਪ ਫੁਰਮਾਉਂਦੇ ਹਨ ਕਿ ਸਾਰੀ ਸ੍ਰਿਸ਼ਟੀ ਉਸ ਮਾਲਕ ਦੇ ਭੈ ਵਿੱਚ ਚਲ ਰਹੀ ਹੈ ਇਸ ਲਈ ਉਹ ਕਿਸੇ ਵਖਰੀ ਥਾਂ ਤੇ ਬਿਰਾਜਮਾਨ ਨਹੀਂ ਹੈ ਸਗੋਂ ਉਹ ਤਾਂ 'ਬਲਿਹਾਰੀ ਕੁਦਰਤਿ ਵਸਿਆਂ' ਹੈ।

4. **ਸੰਸਾਰ ਇੱਕ ਟਕਸਾਲ ਹੈ:-** ਮਨੁੱਖੀ ਆਚਾਰ ਨੂੰ ਘੜਨ ਵਾਲੀ ਟਕਸਾਲ ਸੰਸਾਰ ਹੈ। ਇਸ ਨੂੰ ਜੰਗਲਾਂ ਵਿੱਚ ਲਿਜਾ ਕੇ ਸਵਾਰਿਆ ਨਹੀਂ ਜਾ ਸਕਦਾ। ਜੀਵਨ-ਜਾਂਚ ਸਿਖਣ ਲਈ ਸਮਾਜ ਵਿੱਚ ਵਿਚਰਨਾ ਅਤਿ ਜ਼ਰੂਰੀ ਹੈ।

5. **ਇਸਤ੍ਰੀ ਦਾ ਸਨਮਾਨ:-** ਉਸ ਸਮੇਂ ਸਮਾਜ ਵਿੱਚ ਇਸਤ੍ਰੀ ਦਾ ਨਿਰਾਦਰ ਕੀਤਾ ਜਾਂਦਾ ਸੀ। ਉਸਨੂੰ 'ਬਾਘਨ' 'ਜ਼ਹਿਰ' ਤੇ ਮਾਇਆ ਆਦਿ ਘਿਨਾਉਣ ਵਿਸ਼ੇਸ਼ਣਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ। ਇਸਤ੍ਰੀ ਦਾ ਦਰਜਾ ਮਨੁੱਖ ਤੋਂ ਬਹੁਤ ਨੀਵਾਂ ਸੀ। ਗੁਰੂ ਜੀ ਨੇ ਇਸ ਦੇ ਵਿਰੁੱਧ ਇਕ ਜ਼ਬਰਦਸਤ ਆਵਾਜ਼ ਉਠਾਈ ਉਹਨਾਂ ਨੇ ਸਮਾਜ ਨੂੰ ਵੰਗਾਰ ਕੇ ਕਿਹਾ ਕੇ ਇਸਤ੍ਰੀ ਦੀ ਨਿਖੇਧੀ ਦਾ ਕੀ ਅਰਥ ਹੈ ਜਦੋਂ ਕਿ ਸਾਰਾ ਸੰਸਾਰ ਇਸਤ੍ਰੀ ਦੀ ਕੁੱਖ ਤੋਂ ਪੈਦਾ ਹੋਇਆ ਹੈ ਜਿੰਦਗੀ ਦੇ ਸਾਰੇ ਰਿਸ਼ਤਿਆਂ ਦਾ ਧੁਰਾ ਇਸਤ੍ਰੀ ਹੈ ਇਸ ਲਈ ਇਸਤ੍ਰੀ ਦਾ ਸਨਮਾਨ ਹੋਣਾ ਚਾਹੀਦਾ ਹੈ:-

''ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥


www.AKJ.Org

ਭੰਡਿ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥''

ਭਾਰਤੀ ਸਮਾਜ ਵਿੱਚ ਇਹ ਇੱਕ ਬਹੁਤ ਵੱਡਾ ਮੋੜ ਸੀ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਅਮਲੀ ਰੂਪ ਦੇਣ ਦਾ ਬੀੜਾ ਉਠਾਇਆ।

੬. ਫੋਕੇ ਕਰਮ-ਕਾਂਡਾ ਦੀ ਨਿਖੇਧੀ:- ਗੁਰੂ ਨਾਨਕ ਦੇਵ ਜੀ ਦੀ ਸਮਾਜ ਵਿੱਚ ਚਲ ਰਹੇ ਫੋਕੇ -ਕਰਮ ਕਾਂਡਾ ਤੇ ਸ਼ਰਾਂ-ਸ਼ਰੀਅਤ ਵਿੱਚ ਯਕੀਨ ਨਹੀਂ ਸਨ ਰੱਖਦੇ। ਉਹਨਾਂ ਨੇ ਸੱਚਾ ਜਨੇਊ, ਸੱਚੀ-ਸੁੱਚ ਤੇ ਸੱਚੀ-ਰਾਸ ਬਾਰੇ ਇਸ ਤਰ੍ਹਾਂ ਫੁਰਮਾਇਆ ਹੈ

ਸੱਚਾ-ਜਨੇਊ:- ''ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟ

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥''

ਸੱਚੀ-ਸੁੱਚ:- 'ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥

ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥

ਸੱਚੀ-ਰਾਸ:- ਨਚਿ ਨਚਿ ਹਸਹਿ ਚਲਹਿ ਸੇ ਰੋਇ॥ ਉਡ ਨ ਜਾਹੀ ਸਿਧ ਨ ਹੋਹਿ॥

ਜਾਂ ਨਚਣੁ ਕੁਦਣੁ ਮਨ ਕਾ ਚਾਉ॥ ਨਾਨਕ ਜਿਨੁ ਮਨਿ ਭਉ ਤਿਨਾ ਮਨਿ ਭਾਉ॥''

ਝੂਠੇ ਕਰਮ-ਕਾਂਡ:- ਦੁਨੀਆਂ ਦੀ ਤਰ੍ਹਾਂ ਮਨੁੱਖੀ ਸਰੀਰ ਨੂੰ ਵੀ ਮਿਥਿਆ ਮੰਨਿਆ ਗਿਆ ਸੀ ਤੇ ਇਸ ਨੂੰ ਨੰਗਾ ਰੱਖਣਾ, ਸੁਆਹ ਮਲਣੀ, ਭੁੱਖਾ-ਮਾਰਨਾ ਵੀ ਧਾਰਮਿਕ ਕਰਮ-ਕਾਂਡਾਂ ਵਿੱਚ ਸ਼ਾਮਲ ਸੀ। ਗੁਰੂ ਜੀ ਨੇ ਇਸਦੇ ਵਿਰੁੱਧ-ਆਵਾਜ਼ ਉਠਾਈ ਤੇ ਕਿਹਾ ਕਿ ਲੋਕੋ ਪਖੰਡ ਕਰਨੇ ਛਡੋ ਤੇ ਸਰੀਰਕ ਲੋੜਾਂ ਲਈ ਖਾਓ ਪੀਓ, ਪਹਿਨੋ ਤੇ ਸਰੀਰ ਦੀ ਰੱਖਿਆ ਕਰੋ। ਆਪ ਫੋਕੇ ਪਖੰਡਾਂ ਦਾ ਖੰਡਨ ਕਰਦੇ ਹੋਏ ਫੁਰਮਾਉਂਦੇ ਹਨ:-

''ਅੰਨੁ ਨ ਖਾਇਆ ਸਾਦੁ ਗਵਾਇਆ॥ ਬਹੁ ਦੁਖੁ ਪਾਇਆ ਦੂਜਾ ਭਾਇਆ॥

ਬਸਤ੍ਰ ਨਾ ਪਹਿਰੈ॥ ਅਹਿਨਿਸਿ ਕਹਰੈ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ॥

ਇਸੇ ਤਰ੍ਹਾਂ ਆਪ ਜੀ ਨੇ ਤੀਰਥਾਂ ਉਤੇ ਇਸ਼ਨਾਨ ਕਰਨ ਵਾਲਿਆਂ ਦੀ ਨਿਖੇਧੀ ਕੀਤੀ ਹੈ:-

''ਬਹੁ ਤੀਰਥ ਭਵਿਆ ॥ਤੇਤੋ ਲਵਿਆ॥....

- ਅਠਸਠ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥

ਆਪ ਖਾਣ ਪੀਣ ਨੂੰ ਜੀਵਨ ਦਾ ਜ਼ਰੂਰੀ ਅੰਗ ਮੰਨਦੇ ਹਨ:-

''ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥

੮. ਕਰਮ ਕਾਂਡੀ ਰਹੁ-ਰੀਤਾਂ ਦਾ ਪਾਖੰਡ:- ਗੁਰੂ ਜੀ ਨੇ ਸਮਾਜ ਵਿੱਚ ਪ੍ਰਚਲਤ ਕਰਮ-ਕਾਂਡੀ ਰਹੁ-ਰੀਤਾਂ ਦਾ ਦੱਬ ਕੇ ਖੰਡਨ ਕੀਤਾ ਹੈ ਜਿਵੇ ਜਨੇਊ ਪਹਿਨਾਉਣਾ ਤਿਲਕ ਲਾਉਣਾਂ, ਸੁੱਚ, ਭਿੱਟ, ਜੂਠ, ਸੂਤਕ-ਪਾਤਕ, ਬਗਲ-ਸਮਾਧੀ ਰਾਜ-ਲੀਲਾ ਆਦਿ ਬਾਹਰਲਾ ਭੇਖ ਮਨੁੱਖ ਨੂੰ ਧਰਮੀ ਨਹੀਂ ਬਣਾਉਂਦਾ ਆਪ ਜੀ ਦੇ ਵਿਚਾਰ ਅਨੁਸਾਰ:-

''ਬਹੁ ਭੇਖ ਕੀਆ ਦੇਹੀ ਦੁਖੁ ਦੀਆ॥ ਅਤੇ

ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥

ਅਤੇ ''ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥''

੯. ਗੁਰੂ ਜੀ ਨੇ ਕਿਤਾਬੀ ਗਿਆਨ ਨੂੰ ਵੀ ਸੱਚਾ ਗਿਆਨ ਨਹੀਂ ਮੰਨਿਆ। ਉਹਨਾਂ ਨੇ ਸਾਸ਼ਤ੍ਰਾਂ ਦੀ ਪੜ੍ਹਾਈ ਕਰਨ ਵਾਲੇ ਪੰਡਤਾਂ ਬਾਰੇ ਲਿਖਿਆ ਹੈ:- ''ਲਿਖ ਲਿਖ ਪੜ੍ਹਿਆ, ਤੇਤਾ ਕੜਿਆ।'' ਜੋ ਪੜ੍ਹਿਆ ਲਿਖਿਆ ਕੋਈ ਗੁਨਾਹ ਕਰੇਗਾ ਤਾਂ ਉਸਦੀ ਥਾਂ ਤੇ ਅਨਪੜ੍ਹ ਨੂੰ ਸਜ਼ਾ ਨਹੀਂ ਮਿਲਣੀ ਜਿਵੇ:-

''ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨਾ ਮਾਰੀਐ॥


www.AKJ.Org

ਜਾਂ ਲਖ ਸੁਰਤੀ ਲਖ ਗਿਆਨ ਧਿਆਨ ਪੜਿਅਹਿ ਪਾਠ ਪੁਰਾਣ ॥

'ੜ੍ਹਾਈ ਦਾ ਮੰਤਵ ਮਨੁੱਖ ਨੂੰ ਚੰਗਾ ਬਣਾਉਣਾ, ਜਿਸ ਪੜ੍ਹਾਈ ਨਾਲ ਮਨੁੱਖ ਦਾ ਬੋਲਚਾਲ, ਕਾਰ ਵਿਹਾਰ ਚੰਗਾ ਬਣੇ ਜਿਵੇਂ:-

''ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ।''

ਗਿਆਨ ਦੀ ਪ੍ਰਾਪਤੀ ਲਈ ਪੜ੍ਹਾਈ ਜ਼ਰੂਰੀ ਹੈ ਪਰ ਇਹ ਗਿਆਨ ਕਰਨੀ ਬਿਨਾਂ ਸਾਰਥਿਕ ਨਹੀਂ:-

''ਗਿਆਨੁ ਨ ਗਲੀਈ ਢੂਢੀਐ, ਕਥਨਾ ਕਰੜਾ ਸਾਰੁ॥
ਕਰਮਿ ਮਿਲੈ ਤਾ ਪਾਈਐ ਹੋਰਿ ਹਿਕਮਤਿ ਹੁਕਮ ਖੁਆਰੁ।''

10. ਗੁਰੂ ਜੀ ਨੇ ਇਸ ਵਾਰ ਵਿੱਚ ਦੱਸਿਆ ਹੈ ਕਿ ਮਨੁੱਖ ਨੂੰ ਕਰਨਾ ਕੀ ਚਾਹੀਦਾ ਹੈ ਜਿਸ ਨਾਲ ਉਸਦਾ ਪ੍ਰਭੂ ਨਾਲ ਮਿਲਾਪ ਹੋ ਜਾਵੇ:-

''ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥
ਜਿਉ ਸਾਹਿਬ ਨਾਲ ਨ ਹਾਰੀਐ ਤੇ ਵੇਹਾ ਪਾਸਾ ਢਾਲੀਐ॥''

ਪ੍ਰਮਾਤਮਾ ਨਾਲ ਬਣਾਈ ਰੱਖਣ ਲਈ ਬੁਰਾਈਆਂ ਨੂੰ ਤਿਆਗਣਾ, ਦੂਜਿਆਂ ਦਾ ਭਲਾ ਕਰਨਾ ਸੁੱਚਜੀ ਜੀਵਨ ਸਿਖਿਆ ਗ੍ਰਹਿਣ ਕਰਨੀ, ਦਇਆ ਦਾ ਧਾਰਨੀ ਹੋਣਾ ਲੋੜੀਦਾ ਹੈ:-

ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥
ਜਾਂ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥''
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥''
ਜਾਂ ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ।''

11. ਗੁਰੂ ਜੀ ਨੇ ਜਿੱਥੇ ਇਸ ਵਾਰ ਵਿੱਚ ਉਸ ਸਮੇਂ ਦੀ ਸਮਾਜਿਕ ਹਾਲਤ ਦਾ ਵਰਨਣ ਕੀਤਾ ਹੈ ਉਥੇ ਰਾਜਨੀਤਕ ਹਾਲਤ ਬਾਰੇ ਵੀ ਪੂਰੀ-ਪੂਰੀ ਜਾਣਕਾਰੀ ਦਿੱਤੀ ਹੈ। ਆਪ ਜੀ ਨੇ ਇਸ ਗੱਲ ਤੇ ਅਫਸੋਸ ਪ੍ਰਗਟ ਕੀਤਾ ਹੈ ਕਿ ਭਾਰਤੀ ਲੋਕਾਂ ਨੇ ਆਪਣੀ ਸਭਿਅਤਾ ਤਿਆਗ ਕੇ ਬਦੇਸ਼ੀ ਸਭਿਅਤਾ ਦੇ ਗੁਣ ਗ੍ਰਹਿਣ ਕਰ ਲਏ ਹਨ। ਆਪ ਫੁਰਮਾਉਂਦੇ ਹਨ

''ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।''
ਜਾਂ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥''
ਅਤੇ ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥
ਤੇ ''ਅਭਾਖਿਆ ਕਾ ਕੁਠਾ ਬਕਰਾ ਖਾਣਾ।''

ਪਰ ਉਸ ਸਮੇਂ ਘੋਰ ਕਲਜੁਗ ਦਾ ਪਹਿਰਾ ਸੀ ਜਿਸ ਦਾ ਚਿੱਤਰ ਆਪ ਜੀ ਨੇ ਇਸ ਪ੍ਰਕਾਰ ਖਿੱਚਿਆ ਹੈ:-

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨੁ ਵਿਹੂਣੀ ਭਾਹਿ ਭਰੇ ਮੁਰਦਾਰੁ॥

ਪਰ ਗੁਰੂ ਜੀ ਨੇ ਬੜੀ ਦਲੇਰੀ ਨਾਲ ਅਜਿਹੇ ਯੁੱਗ ਨੂੰ ਬਦਲਣ ਲਈ ਕਰਾਂਤੀਕਾਰੀ ਕਦਮ ਚੁੱਕੇ ਅਤੇ ਇਸ ਵਿਚੋਂ ਸਿੱਖ ਧਰਮ ਪੈਦਾ ਕੀਤਾ। ਸੋ ਉਪ੍ਰੋਕਤ ਅਧਿਅਨ ਤੋਂ ਪਤਾ ਲਗਦਾ ਹੈ ਕਿ 'ਆਸਾ ਦੀ ਵਾਰ' ਨੇ ਦੋ ਧਾਰੀ ਤਲਵਾਰ ਵਾਰਾਂ ਸਮਾਜ ਨੂੰ ਰੂਹਾਨੀ ਰੰਗ ਵੀ ਚਾੜ੍ਹਿਆ ਤੇ ਬਹੁਮਲੇ ਵਿਚਾਰ ਵੀ ਪ੍ਰਦਾਨ ਕੀਤੇ। ਜੋ ਲੋਕ ਧਰਮ ਰਿਵਾਜੀ ਚੀਜ਼ ਸਮਝਦੇ ਹਨ 'ਆਸਾ ਦੀ ਵਾਰ' ਉਹਨਾ ਦਾ ਖੰਡਨ ਕਰਦੀ ਹੈ ਅਤੇ ਜਿਸ ਧਰਮ ਦਾ ਪ੍ਰਤੀਪਾਦਨ ਕਰਦੀ ਹੈ ਉਹ ਇੱਕ ਅਜਿਹਾ ਧਰਮ ਹੈ ਜਿਸ ਵਿੱਚ ਦਇਆ, ਸਹਿਨਸ਼ੀਲਤਾ, ਪਰਉਪਕਾਰ, ਜਤ ਸਤ, ਸੰਤੋਖ, ਨਿੰਮ੍ਰਤਾ ਤੇ ਸਚਾਈ ਵਰਗੇ ਬਹੁੱਮੁਲੇ ਗੁਣ ਹਨ ਜੋ ਮਨੁਖਤਾ ਨੂੰ ਸਹੀ ਰਸਤਾ ਪ੍ਰਦਾਨ ਕਰਦੇ ਹਨ ਅਤੇ ਮਨੁੱਖ-ਮਾਤਰ ਨੂੰ ਉਚੀਆਂ ਅਰਸ਼ੀ ਉਡਾਰੀਆਂ ਰਾਹੀਂ ਸੱਚੇ ਦਰਬਾਰ ਤੱਕ ਪਹੁੰਚਾ ਦੇਂਦੇ ਹਨ।


www.AKJ.Org

# ਖਾਲਸਾ-ਗੁਰੂ ਨਾਨਕ ਦੇ ਮਿਸ਼ਨ ਦੀ ਪੂਰਤੀ

(ਡਾ: ਸਰਬ ਜੋਤ ਕੌਰ)

ਸੰਸਾਰ ਦੇ ਹਰ ਸਵਾਲ ਨੂੰ ਸਮਝਣ ਲਈ ਕਿਸੇ ਨਾ ਕਿਸੇ ਗੁਰ ਨੂੰ ਸਮਝਣਾ ਜ਼ਰੂਰੀ ਹੈ। ਹਰ ਫ਼ਲਸਫ਼ਾ ਕੋਈ ਨਾ ਕੋਈ ਅਜਿਹਾ ਬੁਨਿਆਦੀ ਅਸੂਲ ਰਖਦਾ ਹੈ ਜਿਸ ਨੂੰ ਸਮਝੇ ਬਗੈਰ ਫਲਸਫੇ ਦੀ ਤਹਿ ਤਕ ਪਹੁੰਚਣਾ ਮੁਸ਼ਕਲ ਹੈ। ਇਹੀ ਗੱਲ ਮਜ਼ਹਬਾਂ ਉਤੇ ਵੀ ਢੁੱਕਦੀ ਹੈ। ਹਰ ਮਜ਼ਹਬ ਦਾ ਕੋਈ ਨਾ ਕੋਈ ਬੁਨਿਆਦੀ ਤੱਤ ਹੈ ਜਿਸ ਨੂੰ ਸਮਝੇ ਬਗੈਰ ਮਜ਼ਹਬ ਦੀ ਪੂਰੀ ਪੂਰੀ ਅਸਲੀਅਤ ਜਾਣੀ ਨਹੀਂ ਜਾ ਸਕਦੀ। ਸਿੱਖ ਧਰਮ ਦਾ ਵੀ ਇਕ ਬੁਨਿਆਦੀ ਨੁਕਤਾ ਹੈ ਤੇ ਉਹ ਹੈ:-

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ (ਪੰਨਾ ੯੬੬)

ਜੇ ਇਹ ਕਹਿ ਲਿਆ ਜਾਏ ਕਿ ਇਹੀ ਸਿੱਖੀ ਦਾ ਸਾਰ ਹੈ, ਇਹੀ ਸਿੱਖੀ ਦਾ ਧੁਰਾ ਹੈ ਤਾਂ ਕੋਈ ਗਲਤ ਬਿਆਨੀ ਨਹੀਂ ਹੋਵੇਗੀ। ਗੁਰੂ ਨਾਨਕ ਦੇਵ ਜੀ ਨੇ ਬਾਬੇ ਲਹਿਣੇ ਨੂੰ, ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਨੂੰ, ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਮੱਥਾ ਟੇਕਿਆ ਤੇ ਆਪਣੀ ਆਤਮਿਕ ਅਜ਼ਮਤ (ਜੋਤ ਤੇ ਜੁਗਤੀ) ਬਖ਼ਸ਼ੀ। ਇਹ ਸਿਲਸਿਲਾ ਦਸ਼ਮੇਸ਼ ਗੁਰੂ ਤਕ ਨਿਰੰਤਰ ਜਾਰੀ ਰਿਹਾ ।

ਦੀਪਕ ਤੇ ਦੀਪਕ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ॥ (ਪੰਨਾ ੯੦੭)

ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥ (ਪੰਨਾ ੯੬੭)

ਇਕਾ ਬਾਣੀ, ਇਕੁ ਗੁਰੁ ਇਕੋ ਸਬਦੁ ਵੀਚਾਰਿ॥ (ਪੰਨਾ ੬੪੬)

ਸ੍ਰੀ ਨਾਨਕ ਅੰਗਦਿ ਕਰ ਮਾਨਾ॥ ਅਮਰਦਾਸ ਅੰਗਦ ਪਹਿਚਾਨਾ॥
ਅਮਰਦਾਸ ਰਾਮਦਾਸ ਕਹਾਯੋ॥ ਸਾਧਨ ਲਖਾ ਮੂੜ ਨਹ ਪਾਯੋ॥
ਭਿੰਨ ਭਿੰਨ ਸਭਹੂ ਕਰ ਜਾਨਾ॥ ਏਕ ਰੂਪ ਕਿਨ ਹੂ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧਿ ਪਾਈ॥ ਬਿਨ ਸਮਝੇ ਸਿਧਿ ਹਾਥਿ ਨ ਆਈ॥ (ਬਚਿੱਤਰ ਨਾਟਕ)

ਸਿੱਖ ਧਰਮ ਨੂੰ ਸਮਝਣ ਤੇ ਸਿੱਧੀ ਦੀ ਪ੍ਰਾਪਤੀ ਲਈ ਬਹੁਤ ਲੋਕ ਯਤਨ ਕਰਦੇ ਹਨ ਪਰ ਰਸਤੇ ਵਿਚ ਰੁਕਾਵਟ ਇਹ ਆ ਬਣਦੀ ਹੈ ਕਿ ਗੁਰੂ ਸਾਹਿਬ ਦੇ ਭਿੰਨ ਭਿੰਨ ਸਰੂਪ ਦੇਖ ਕੇ ਜਗਿਆਸੂਆਂ ਦੀ ਬਹੁ-ਗਿਣਤੀ ਉਹਨਾਂ ਨੂੰ, ਉਹਨਾਂ ਦੀ ਕਾਰਜ-ਪ੍ਰਣਾਲੀ ਨੂੰ ਤੇ ਉਹਨਾਂ ਦੇ ਉਦੇਸ਼ਾਂ ਨੂੰ ਅੱਡ ਸਮਝ ਬੈਠਦੀ ਹੈ। ਖਾਸ ਕਰ ਗੁਰੂ ਨਾਨਕ ਦੇਵ ਦੇ ਭਗਤੀ ਪੂਰਨ ਕੰਮਾਂ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੰਗਾਂ ਜੁੱਧਾਂ ਪੂਰਨ ਕੰਮਾਂ ਵਿਚ ਉਹਨਾਂ ਨੂੰ ਤਾਲਮੇਲ ਪ੍ਰਤੀਤ ਨਹੀਂ ਹੁੰਦਾ। ਕਿੱਥੇ ਉਹ ਸੁਲਾਹਕੁਨ ਫ਼ਕੀਰਾਨਾ ਵੇਸ ਤੇ ਕਿਥੇ ਇਹ ਸਿਪਾਹੀਆਨਾ ਠਾਠ। ਪਰੰਤੂ ਜੋ ਇਹ ਜਾਣਦੇ ਹਨ ਕਿ ਗੁਰੂ ਜੋਤ-ਸਰੂਪ ਹੋਣ ਕਰਕੇ ਹਰ ਸਮੇ ਇਕੋ ਹੈ, ਦੋਹਾਂ ਦੇ ਵਟਾਂਦਰੇ ਨਾਲ ਉਹ ਇਕ ਤੋਂ ਦੋ ਨਹੀਂ ਹੁੰਦਾ, ਉਹਨਾਂ ਨੂੰ ਸਿੱਧ ਹੱਥ ਆ ਜਾਂਦੀ ਹੈ। ਉਹ ਇਸ ਭੇਦ ਨੂੰ ਜਾਣ ਜਾਂਦੇ ਹਨ।

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ (ਪੰਨਾ ੫੯੯)

ਭਾਈ ਨੰਦ ਲਾਲ ਜੀ ਵੀ 'ਜੋਤਿ ਵਿਗਾਸ' ਵਿਚ ਲਿਖਦੇ ਹਨ:-

ਨਾਨਕ ਸੋ ਅੰਗਦ ਕਰ ਦੇਵਨਾ॥ ਸੋ ਅਮਰਦਾਸ ਹਰ ਸੇਵਨਾ॥
ਸੋ ਰਾਮਦਾਸ ਸੋ ਅਰਜਨਾ॥ ਸੋ ਹਰਿਗੋਬਿੰਦ ਹਰਿ ਪਰਸਨਾ॥
ਸੋ ਕਰਤਾ ਹਰਿ ਰਾਇ ਦਾਤਾਨੰ॥ ਸੋ ਹਰਿਕ੍ਰਿਸ਼ਨ ਅਗਮ ਅਪਾਰਨੰ॥
ਸੋ ਤੇਗ ਬਹਾਦਰ ਸਤਿ ਸਰੂਪਨਾ ਸੋ॥ ਗੁਰ ਗੋਬਿੰਦ ਹਰਿ ਕਾ ਰੂਪਨਾ॥



www.AKJ.Org

ਸਭ ਏਕੋ ਏਕੋ ਏਕਨਾ॥ ਨਹੀ ਭੇਦ ਨ ਕਛੂ ਭੀ ਪੇਖਨਾ॥

ਇਹੀ ਵਿਚਾਰ ਕੇਸਰ ਸਿੰਘ ਛਿੱਬਰ ਵੀ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ' ਵਿਚ ਪ੍ਰਗਟਾਉਂਦੇ ਹਨ:-

ਗੁਰੂ ਗੋਬਿੰਦ ਸਿੰਘ ਗੁਰ ਨਾਨਕ ਮੇਂ ਭੇਦ ਨ ਰਾਈ॥

ਕਹਿਣ ਦਾ ਭਾਵ ਗੁਰੂ ਗੋਬਿੰਦ ਸਿੰਘ ਵੀ ਉਹ ਹੀ ਹਨ ਜੋ ਗੁਰੂ ਨਾਨਕ ਸਾਹਿਬ ਹਨ। ਉਹੀ ਰਤਨ ਮਾਣਕ ਤੇ ਉਹੀ ਮੋਤੀ ਹਨ। ਇਕੋ ਹੀ ਮਾਲਾ ਹੈ, ਉਸਦੇ ਸਾਰੇ ਮਣਕੇ ਹਨ:

ਹਮੂ ਗੁਰੂ ਗੋਬਿੰਦ ਸਿੰਘ, ਹਮੂ ਨਾਨਕ ਅਸਤ<br>
ਹਮੂ ਰਤਨ ਜੌਹਰ, ਹਮੂ ਮਾਣਿਕ ਅਸਤ (ਸ੍ਰੀ ਜੋਤਿ ਵਿਗਾਸ)

ਸੋ ਜੇ ਸਾਰੇ ਗੁਰੂ ਸਾਹਿਬਾਨ ਇਕ ਹੀ ਹਨ ਤਾਂ ਉਹਨਾਂ ਦੇ ਮਿਸ਼ਨ ਵਿਚ ਵੀ ਕੋਈ ਅੰਤਰ ਨਹੀਂ ਹੋ ਸਕਦਾ।

ਸਿੱਖ ਲਹਿਰ ਇਕ ਜਦੋ ਜਹਿਦ ਦੀ ਲਹਿਰ ਸੀ। ਗੁਰੂ ਨਾਨਕ ਸਾਹਿਬ ਨੇ ਕੁਝ ਵਿਸ਼ੇਸ਼ ਟੀਚਿਆਂ ਨੂੰ ਸਾਹਮਣੇ ਰੱਖ ਕੇ ਪੰਦਰਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਇਸ ਲਹਿਰ ਦਾ ਆਰੰਭ ਕੀਤਾ। ਆਪ ਨੇ ਭਗਤੀ ਦਾ ਉਦੇਸ਼ ਦਿਤਾ ਪਰ ਭਗਤੀ ਦਾ ਫਲ ਇਹ ਮੰਨਿਆ ਕਿ ਇਹ ਮਨੁੱਖ ਨੂੰ ਸਵੈ-ਮਾਣ ਤੇ ਸਵੈ-ਸਤਿਕਾਰ ਦਾ ਜੀਵਨ ਵੀ ਦੇਵੇ ਤੇ ਪ੍ਰਭੂ ਪ੍ਰੇਮ ਦੇ ਰੰਗ ਵਿਚ ਵੀ ਰੰਗੇ। ਆਪਣੇ ਸਮਕਾਲੀ ਸਮਾਜ ਤੇ ਝਾਤੀ ਮਾਰਦਿਆਂ ਆਪ ਨੇ ਅਨੁਭਵ ਕੀਤਾ ਕਿ ਭਾਰਤੀ ਜੀਵਨ ਵਿਚੋਂ ਸਵੈ-ਮਾਣ, ਸਵੈ-ਸਤਿਕਾਰ ਅਤੇ ਸਵੈ-ਵਿਸ਼ਵਾਸ਼ ਦਾ ਅਭਾਵ ਹੋ ਚੁੱਕਾ ਸੀ। ਹਰ ਪਾਸੇ ਬੇਪਤੀ ਸੀ। ਸਹਿਮ, ਸੋਗ, ਤ੍ਰਿਸ਼ਨਾ, ਹਉਮੈ, ਲੁੱਟ ਖਸੁੱਟ ਦੇ ਕਾਰਨ ਅਜੀਬ ਕੁਹਰਾਮ ਮੱਚ ਰਿਹਾ ਸੀ। ਸਾਰਾ ਜੀਵਨ ਨਿਰਾਦਰੀ ਭਰਿਆ ਸੀ। ਭਾਰਤੀਆਂ ਕੋਲ ਨਾ ਭਗਤੀ ਸੀ ਤੇ ਨਾ ਹੀ ਸ਼ਕਤੀ। ਭਾਰਤੀ ਆਤਮਾ ਦੀ ਇਸ ਨਿੱਘਰ ਚੁੱਕੀ ਅਵਸਥਾ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿੱਚ ਕਈ ਥਾਈਂ ਕੀਤਾ ਹੈ:-

(ੳ) ਘਰਿ ਘਰਿ ਮੀਆਂ ਸਭਨਾ ਜੀਆਂ ਬੋਲੀ ਅਵਰ ਤੁਮਾਰੀ (ਪੰਨਾ ੧੧੯੧)<br>
(ਅ) ਖਤ੍ਰੀਆਂ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ (ਪੰਨਾ ੬੬੩)<br>
(ੲ) ਅਭਾਖਿਆ ਕਾ ਕੁਠਾ ਬਕਰਾ ਖਾਣਾ (ਪੰਨਾ ੪੭੨)<br>
(ਸ) ਅੰਤਰਿ ਪੂਜਾ ਪੜਹਿ ਕਤੇਬਾ ਸੰਜਮ ਤੁਰਕਾ ਭਾਈ (ਪੰਨਾ ੪੭੧)<br>
(ਹ) ਨੀਲ ਬਸਤ੍ਰ ਪਹਿਰਿ ਹੋਵਹਿ ਪਰਵਾਣੁ (ਪੰਨਾ ੪੭੨)

ਆਪ ਨੇ ਸਮਕਾਲੀ ਸਮਾਜ ਦਾ ਦਰਪਣ ਲੋਕਾਂ ਸਾਹਮਣੇ ਰੱਖ ਕੇ ਨਾਮ ਭਗਤੀ ਦਾ ਆਦਰਸ਼ ਦਿਤਾ ਪਰ ਨਾਲ ਹੀ 'ਸੰਤਾ ਮਾਨਉ ਦੂਤਾ ਡਾਨਉ' ਦਾ ਢੰਡੋਰਾ ਵੀ ਦਿਤਾ। ਗੁਰੂ ਨਾਨਕ ਨੇ ਨਿਜੀ ਤੌਰ ਤੇ ਆਚਰਣਕ ਜੀਵਨ ਜੀਊਣ ਲਈ ਤਾਂ ਕਿਹਾ ਹੀ, ਨਾਲ ਹੀ ਸਮਾਜ ਵਿਚ ਵਾਪਰ ਰਹੀਆਂ ਗਲਤ ਕਦਰਾਂ ਨੂੰ ਉਖਾੜਨ ਲਈ ਵੀ ਕਿਰਿਆਸ਼ੀਲ ਰਹਿਣ ਦਾ ਉਪਦੇਸ਼ ਦਿਤਾ। ਸੱਚ, ਨਿਆਂ, ਬਰਾਬਰੀ, ਅਜ਼ਾਦੀ ਦੀ ਰਖਿਆ ਅਤੇ ਮਜ਼ਲੂਮਾਂ ਦੀ ਸਹਾਇਤਾ ਲਈ ਪ੍ਰੇਰਿਆ। ਭਾਰਤੀ ਮੁਰਦਾ ਜੀਵਨ ਨੂੰ ਝੰਜੋੜਨ ਲਈ ਇਹ ਵੰਗਾਰ ਸੁੱਟੀ:

ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥ (ਪੰਨਾ ੧੪੨)

ਅਨਿਆਂ ਨੂੰ ਸਹਾਰ ਲੈਣਾ ਵੀ ਪਤਿ ਲਥੀ ਜਾਇ ਹੀ ਹੈ। ਇਸ ਲਈ ਗੁਰੂ ਨਾਨਕ ਨੇ ਮੁਰਦਾ ਰੂਹਾਂ ਵਿਚ ਜ਼ਿੰਦਗੀ ਪਾਉਣ ਲਈ ਅਜਿਹੇ ਨਿਰਭਉ ਤੇ ਨਿਰਵੈਰ ਪੰਥ ਦੀ ਨੀਂਹ ਰੱਖੀ ਜਿਸ ਦਾ ਆਦਰਸ਼ 'ਨਿਰਭਉ ਨਾਮ ਜਪਉ ਹਰਿ ਰੰਗੇ, ਦੇ ਨਾਲ ਨਾਲ ਅਨਿਆਈ ਰਾਜ ਦੀ ਜੜ੍ਹ ਕੱਟਣਾ ਵੀ ਸੀ। ਭਾਈ ਗੁਰਦਾਸ ਨੇ ਇਸ ਪੰਥ ਨੂੰ 'ਨਿਰਮਲ ਪੰਥ' ਦਾ ਨਾਮ ਦਿਤਾ:

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ॥ (ਵਾਰ ੧, ਪਉੜੀ ੪੫)

ਇਸ 'ਨਿਰਮਲ ਪੰਥ' ਨੂੰ ਸੰਪੂਰਨਤਾ ਪ੍ਰਦਾਨ ਕਰਕੇ ਦਸਮ ਗੁਰੂ ਨੇ 'ਖਾਲਸਾ ਪੰਥ' ਦਾ ਨਾਮ ਦਿਤਾ। 'ਖਾਲਸਾ ਪੰਥ' ਗੁਰੂ ਨਾਨਕ ਦੇ ਚਲਾਏ 'ਨਿਰਮਲ ਪੰਥ' ਦਾ ਹੀ ਸਹਿਜ ਵਿਸਥਾਰ ਹੈ। 'ਨਿਰਮਲ' ਅਤੇ 'ਖਾਲਸਾ' ਦੋਵੇਂ ਇਕੋ ਹੀ ਅਰਥ ਰਖਦੇ ਹਨ। ਨਿਰਮਲ ਦਾ ਅਰਥ ਵੀ ਸ਼ੁੱਧ ਤੇ ਖਾਲਸਾ ਦਾ ਅਰਥ ਵੀ


www.AKJ.Org

ਸ਼ੁਧ। ਨਿਰਮਲ ਜਾਂ ਖਾਲਸ ਜਾਂ ਸ਼ੁਧ ਉਹੀ ਹੈ ਜਿਸ ਵਿਚ ਦੂਈ ਦਵੈਤ ਦੀ ਮੈਲ ਨਹੀਂ, ਮਾਇਆ ਦਾ ਮੋਹ ਨਹੀਂ, ਘਿਰਣਾ ਨਹੀਂ, ਈਰਖਾ ਨਹੀਂ, ਸਾੜਾ ਨਹੀਂ, ਵੱਖਵਾਦ ਨਹੀਂ, ਸਵਾਰਥ ਨਹੀਂ। ਤੇ ਫੇਰ ਇਸ ਵਿਚ ਹੈ ਕੀ ? ਇਸ ਵਿੱਚ ਹੈ ਸਮਦ੍ਰਿਸ਼ਟੀ ਦਾ ਗਿਆਨ, ਪਰਉਪਕਾਰੀ ਇਖਲਾਕੀ ਕਰਮ, ਮਾਨਵਤਾ ਦਾ ਧਰਮ ਅਤੇ ਮਨ, ਬਚ, ਕਰਮ ਦੀ ਆਤਮਿਕ ਇਕਸੁਰਤਾ। ਨਿਰਮਲਤਾ ਵਿਚ ਨਿਸ਼ਕਾਮ ਤੇ ਸਮਰਪਿਤ ਬਿਰਤੀਆਂ ਸਦਾ ਪ੍ਰਚੰਡ ਰਹਿੰਦੀਆਂ ਹਨ। ਇਹਨਾਂ ਬਿਰਤੀਆਂ ਦੇ ਧਾਰਨੀ ਪੁਰਸ਼ ਨੂੰ ਹੀ ਗੁਰੂ ਸਾਹਿਬ ਨੇ 'ਗੁਰਮੁਖ' ਦੀ ਸੰਗਿਆ ਦਿਤੀ, ਇਸੇ ਨੂੰ ਹੀ ਫਿਰ 'ਬ੍ਰਹਮ ਗਿਆਨੀ' ਕਿਹਾ ਤੇ ਫਿਰ ਬਾਅਦ ਵਿਚ ਇਹੀ ਬ੍ਰਹਮ ਗਿਆਨੀ 'ਖਾਲਸਾ' ਰੂਪ ਵਿਚ ਭਾਰਤੀ ਜਨਤਾ ਸਾਹਮਣੇ ਸੰਤ-ਸਿਪਾਹੀ ਬਣ ਕੇ ਸਥਾਪਤ ਹੋਇਆ। ਖਾਲਸੇ ਦਾ ਪਰਗਟ ਹੋਣਾ ਕਿਸੇ ਫੌਰੀ, ਸੀਮਤ ਤੇ ਵਕਤੀ ਲੋੜ ਜਾਂ ਕਿਸੇ ਇਕ ਦਮ ਉਪਜੇ ਵਿਚਾਰ ਦਾ ਪ੍ਰਤੀਕਰਮ ਨਹੀਂ ਸੀ ਸਗੋਂ ਇਹ ਇਕ ਲੰਮੀ ਨਦਰ ਤੇ ਵਿਉਂਤ ਦੇ ਫ਼ਲ ਸਰੂਪ ਹੋਂਦ ਵਿਚ ਆਇਆ। ਖਾਲਸੇ ਦੀ ਸਿਰਜਨਾ ਵਿਚ ਲਗਪਗ ਢਾਈ ਸੌ ਵਰ੍ਹੇ ਦਾ ਸਮਾਂ ਲਗਿਆ। ਸਾਰੇ ਗੁਰੂ ਸਾਹਿਬਾਨ ਨੇ ਭਾਰਤੀ ਜਨ ਮਾਨਸ ਦਾ ਮੰਥਨ ਕਰਕੇ ਸਦੀਆਂ ਤੋਂ ਵੱਖ ਚਲੀ ਆ ਰਹੀ ਭਗਤੀ ਤੇ ਸ਼ਕਤੀ ਦੀ ਮਹਾਨ ਪਰੰਪਰਾ ਨੂੰ ਇਕ ਦੂਜੇ ਨਾਲ ਜੋੜ ਕੇ ਸੰਤ ਸਿਪਾਹੀ ਦੇ ਰੂਪ ਵਿਚ ਖਾਲਸੇ ਦਾ ਸੰਕਲਪ ਦਿਤਾ। ਇਸ ਵਿਚ ਕੋਈ ਸ਼ਕ ਨਹੀਂ ਕਿ ਸੰਨ ੧੬੯੯ ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਉਹ ਆਦਰਸ਼ਕ ਖਾਲਸਾ ਪੁਰਸ਼ ਸੰਸਾਰ ਨੂੰ ਪ੍ਰਦਾਨ ਕੀਤਾ ਜਿਸ ਦੀ ਸ਼ਕਤੀ ਜ਼ਾਲਮਾ ਵਿਰੁੱਧ ਸਵਾ ਲੱਖ ਗੁਣਾ ਹੈ ਪਰ ਖਾਲਸੇ ਦੀ ਨੀਂਹ ਸੰਨ ੧੪੯੯ ਵਿਚ ਸੁਲਤਾਨਪੁਰ ਵਿਖੇ ਉਦੋਂ ਰੱਖ ਦਿਤੀ ਗਈ ਸੀ ਜਦੋਂ ਤਿੰਨ ਦਿਨ ਵੇਈਂ ਵਿਚ ਰਹਿਣ ਉਪਰੰਤ ਗੁਰੂ ਨਾਨਕ ਪਾਤਸ਼ਾਹ ਸੱਚੇ ਦੀ ਦਰਗਾਹ ਵਿਚੋਂ ਬਖਸ਼ਿਸ਼ ਭਰਿਆ ਫੁਰਮਾਨ ਲੈ, ਸੱਚੇ ਨਾਮ ਦਾ ਪਿਆਲਾ ਪੀ, ਸੱਚੇ ਸ਼ਬਦ ਦੇ ਸਨਮੁਖ ਆਪਣੀ ਸੁਰਤਿ ਧੁਨਿ ਨੂੰ ਚੇਲਾ ਬਣਾ ਪਾਰਬ੍ਰਹਮ ਪਰਮੇਸਰ ਨਾਲ ਅਭੇਦ ਹੋ ਕੇ ਬਾਹਰ ਨਿਕਲੇ ਸਨ। ਬਾਹਰ ਨਿਕਲਦਿਆਂ ਹੀ ਆਪ ਨੇ 'ਨਾ ਕੋ ਹਿੰਦੂ ਨਾ ਮੁਸਲਮਾਣ' ਦਾ ਇਨਕਲਾਬੀ ਨਾਹਰਾ ਲਾਇਆ। ਇਹ ਨਿਰੰਕਾਰ ਵਲੋਂ ਆਏ ਸੁਨੇਹੇ ਵਲ ਕੇਵਲ ਇਕ ਇਸ਼ਾਰਾ ਮਾਤਰ ਸੀ ਕਿ ਹਿੰਦੂ ਤੇ ਮੁਸਲਮਾਣ ਦੋਵੇਂ ਆਪੋ ਆਪਣੇ ਧਰਮਾਂ ਦੇ ਰਾਹਾਂ ਤੋਂ ਭਟਕ ਚੁੱਕੇ ਹਨ ਇਸ ਲਈ ਧਰਮ ਦਾ ਸਹੀ ਰਸਤਾ ਵਿਖਾਉਣ ਦੀ ਲੋੜ ਹੈ। ਜਦੋਂ ਮੁੱਲਾਂ ਮੁਲਾਣਿਆਂ ਨੇ ਧਰਮ ਦੀ ਕਿਤਾਬ ਖੋਲ੍ਹ ਕੇ ਸੁਆਲ ਕੀਤਾ

'ਹਿੰਦੂ ਵਡਾ ਕਿ ਮੁਸਲਮਾਨੋਈ' (ਵਾਰ ੧, ਪਉੜੀ ੩੩)

ਤਾਂ ਬਾਬੇ ਨਾਨਕ ਦਾ ਜੁਆਬ ਸੀ:

**ਸੁਭ ਅਮਲਾ ਬਾਝਹੁ ਦੋਨੋ ਰੋਈ**

**ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।** (ਵਾਰ ੧, ਪਉੜੀ ੩੩

ਇਹ ਇਕ ਸੱਚ ਸੀ ,ਕੌੜਾ ਸੱਚ ਜਿਸ ਨੂੰ ਸੁਨਣ ਲਈ ਕੋਈ ਤਿਆਰ ਨਹੀਂ ਸੀ। ਇਸ ਸੱਚ ਨੂੰ ਸੁਣਾਉਣ ਵਾਸਤੇ ਸਿਰ ਤੇ ਖੱਫਣ ਬੰਨ੍ਹਣਾ ਪੈਣਾ ਸੀ। ਇਸ ਅਵਾਜ਼ ਨਾਲ ਆਵਾਜ਼ ਮਿਲਾਉਣ ਵਾਲੇ ਨੂੰ ਖੰਨਿਅਹੁ ਤਿਖੇ ਵਾਲਹੁ ਨਿੱਕੇ ਮਾਰਗ ਤੇ ਚਲਣਾ ਪੈਣਾ ਸੀ। ਗੁਰੂ ਨਾਨਕ ਦੇ ਕਦਮ ਨਾਲ ਕਦਮ ਮਿਲਾ ਕੇ ਚੱਲਣ ਲਈ 'ਖੰਡੇ ਧਾਰ ਗਲੀ ਅਤਿ ਭੀੜੀ' ਵਿਚੋਂ ਗੁਜ਼ਰਨਾ ਪੈਣਾ ਸੀ। ਏਸੇ ਲਈ ਗੁਰੂ ਨਾਨਕ ਨੇ ਕਿਹਾ:-

ਜਉ ਤਉ ਪ੍ਰੇਮ ਖੇਲਨ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨)

ਸੱਚ ਕੀ ਬੇਲਾ ਸਚ ਸੁਣਾਉਣ ਵਾਲਾ ਸਰੂਮਾ ਹੁੰਦਾ ਹੈ। ਅਜਿਹਾ ਸੂਰਮਾ

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ (ਪੰਨਾ ੧੧੦੫)

ਗੁਰੂ ਨਾਨਕ ਨੇ 'ਪਹਿਲਾ ਮਰਣ ਕਬੂਲ' ਕਰਨ ਵਾਲੇ ਸੂਰਮੇ ਪੈਦਾ ਕਰਨ ਲਈ ਇਕ ਨਵੇਂ ਧਰਮ ਦੀ ਨੀਂਹ ਰੱਖੀ ਜਿਸ ਨੂੰ ਭਾਈ ਗੁਰਦਾਸ ਜੀ ਦੂਜੇ ਨੇ 'ਤੀਸਰਾ ਪੰਥ' ਕਿਹਾ ਹੈ। ਪਰੰਤੂ ਇਹ ਕੇਵਲ

ਇਕ ਨਵੇਂ ਧਰਮ ਦੀ ਨੀਂਹ ਹੀ ਨਹੀਂ ਸੀ ਰੱਖੀ ਜਾ ਰਹੀ ਸਗੋਂ ਸਿਰਲੱਥ ਯੋਧਿਆਂ ਦੀ ਇਕ ਐਸੀ ਕੌਮ ਤਿਆਰ ਕੀਤੀ ਜਾ ਰਹੀ ਸੀ ਜਿਸ ਵਿਚ ਰੂਹਾਨੀਅਤ ਤੇ ਇਨਸਾਨੀਅਤ ਦਾ ਸੁਮੇਲ ਸੀ, ਅਨੁਸ਼ਾਸ਼ਨ ਤੇ ਅਜ਼ਾਦੀ ਦਾ ਉਚਿਤ ਮਿਸ਼ਰਣ ਸੀ ਅਤੇ ਅਣਖ ਤੇ ਤਹਿਜ਼ੀਬ ਦਾ ਸੁੰਦਰ ਮਿਲਾਪ ਸੀ। ਇਹਨਾਂ ਸਿਰਲੱਥ ਯੋਧਿਆਂ ਦੀ ਸੰਗਤ ਨੂੰ ਜਦੋਂ ਦਸਮ ਗੁਰੂ ਨਾਨਕ ਨੇ ਖਾਲਸਾ ਰੂਪ ਦਿਤਾ (ਗੁਰ ਸੰਗਤ ਕੀਨੀ ਖਾਲਸਾ) ਤਾਂ ਇਹ ਕੇਵਲ ਲੋਹੇ ਦੀਆਂ ਜੰਜ਼ੀਰਾਂ ਕਟੱਣ ਲਈ ਜਾਂ ਕੇਵਲ ਸ਼ਸਤਰ ਯੁੱਧ ਕਰਨ ਲਈ ਨਹੀਂ ਦਿਤਾ ਸਗੋਂ ਇਹ ਕਰਨ ਤੋਂ ਪਹਿਲਾਂ ਆਪਣੇ ਮਨ ਅੰਤਰ ਵਿਚ ਧਰਮ ਯੁੱਧ ਕਰਨ ਲਈ ਜੰਜ਼ੀਰਾਂ ਕੱਟ ਕੇ, ਸਵੈ-ਸੁਤੰਤਰ ਹੋਣ ਲਈ ਦਿਤਾ। ਗੁਰੂ ਸਾਹਿਬਾਨ ਨੇ ਦੁਧਾਰਾ ਖੰਡਾ ਖੜਕਾਇਆ। ਇਸ ਖੰਡੇ ਦੀ ਇਕ ਧਾਰ ਅਸੰਖ ਕੋਟ ਪਾਪਾਂ ਨੂੰ ਕੱਟਣ ਦੇ ਸਮਰਥ ਹੋਈ ਤੇ ਦੂਜੀ ਧਾਰ ਨੇ ਜਗਿਆਸੂਆਂ ਦੇ ਘਟਾਂ ਅੰਦਰ ਆਤਮਕ ਜੋਤ ਜਗਾਵਣੀ ਜਾਗ ਲਾਈ। ਇਸ ਖੰਡੇ ਨੇ ਧਰਮ-ਅੰਸ਼ ਨੂੰ ਜਗਾਇਆ ਤੇ ਪਾਪ ਅੰਸ਼ ਦਾ ਦਮਨ ਕੀਤਾ। ਖਾਲਸੇ ਨੇ ਬਾਹਰਲੇ ਵੈਰੀਆਂ ਨੂੰ ਕਾਬੂ ਵਿਚ ਰਖਣ ਲਈ ਦਸ਼ਮੇਸ਼ ਦੇ ਤਿੱਖੇ ਤੀਰ ਪਕੜੇ ਤੇ ਅੰਦਰਲੇ ਵੈਰੀਆਂ ਨੂੰ ਕਾਬੂ ਵਿਚ ਰੱਖਣ ਲਈ ਨਾਮ ਸਿਮਰਨ ਦਾ ਪੱਲਾ ਪਕੜਿਆ। ਨਾਲ ਹੀ ਪੰਜ ਦੂਤਾਂ ਨੂੰ ਵੱਸ ਵਿਚ ਕਰਨ ਲਈ ਕਾਮ ਨੂੰ ਗ੍ਰਹਿਸਥ, ਕ੍ਰੋਧ ਨੂੰ ਬੀਰਤਾ, ਲੋਭ ਨੂੰ ਕਿਰਤ, ਮੋਹ ਨੂੰ ਉਪਕਾਰ ਅਤੇ ਹੰਕਾਰ ਨੂੰ ਸਵੈਮਾਣ ਵਿਚ ਢਾਲ ਲਿਆ। ਮਾਨਵ-ਪਿਆਰ, ਸਵੈ-ਤਿਆਗ ਅਤੇ ਪਰਉਪਕਾਰ ਦਾ ਜੋ ਆਦਰਸ਼ ਗੁਰੂ ਨਾਨਕ ਨੇ ਸਾਹਮਣੇ ਰਖਿਆ ਸੀ ਉਸ ਨੂੰ ਪੂਰਾ ਕਰਨ ਲਈ ਖਾਲਸਾ ਇਕ ਕਮਾਨ ਹੇਠ ਜੁੜ ਗਿਆ। ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾਂ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾਂ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖ਼ਾਲਸ ਜਾਨੈ॥

ਦਾ ਜੋ ਉਪਦੇਸ਼ ਦਿਤਾ ਉਹ ਗੁਰੂ ਨਾਨਕ ਦੀ ਸਿਖਿਆ ਦਾ ਹੀ ਵਿਸਥਾਰ ਸੀ। ਖਾਲਸਾ ਸਰੀਰਕ ਹਸਤੀ ਤੋਂ ਪਾਰਗਾਮਤਾ ਪ੍ਰਾਪਤ ਕਰਕੇ ਕਿਸੇ ਵੀ ਰੂਪ ਵਿਚ ਦੇਹਧਾਰੀ ਦਾ ਉਪਾਸ਼ਕ ਨਹੀਂ। ਬਾਬੇ ਨਾਨਕ ਵਾਲਾ 'ਸ਼ਬਦ ਗੁਰੂ' ਹੀ ਇਸ ਦਾ ਗੁਰੂ ਹੈ। ਇਹ ਸੰਸਾਰ ਦੇ ਸਾਰੇ ਧਰਮਾਂ, ਮਹਾਂਪੁਰਸ਼ਾਂ, ਧਰਮ-ਪੁਸਤਕਾਂ, ਉਪਾਸ਼ਨਾਂ ਢੰਗਾਂ ਦਾ ਸਤਿਕਾਰ ਕਰਦਾ ਹੈ ਪਰ ਇਸ ਦਾ ਆਪਣਾ ਇਸ਼ਟ 'ਇਕ' ਹੈ। ੧ਓਂ ਵਿਚ ਯਕੀਨ ਰਖਦਾ ਖਾਲਸਾ ਬ੍ਰਹਮਾ ਵਿਸ਼ਨੂੰ ਮਹੇਸ਼ ਨੂੰ ਉਸ 'ਇਕ' ਵਿਚੋਂ ਹੀ ਉਪਜਿਆ ਸਮਝਦਾ ਹੈ। 'ਓਨਮ ਅੱਖਰ ਤ੍ਰਿਭਵਣ ਸਾਰ' ਗੁਰਮਤਿ ਦੀ ਬੁਨਿਆਦੀ ਚੀਜ਼ ਹੈ। 'ਸਾਰ' ਏਕੰਕਾਰ ਹੈ, ਸੋਮਾ ਏਕੰਕਾਰ ਹੈ, ਉਸ ਤੋਂ ਹੀ ਸਾਰੀ ਰਚਨਾ ਹੈ। ਗੁਰੂ ਨਾਨਕ ਨੇ 'ਤੀਨਿ ਭਵਨ ਇਕ ਜੋਤੀ ਦੇਖੀ', 'ਏਕੋ ਭਵਰ ਭਵੈ ਤਿਹ ਲੋਇ' ਦੇਖਿਆ ਤੇ 'ਊਰਮ ਧੂਰਮ ਜੋਤਿ ਉਜਾਲਾ' ਦੇਖਿਆ। ਏਸੇ ਲਈ ਖਾਲਸੇ ਦਾ ਵੀ ਯਕੀਨ ਹੈ

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਪੰਨਾ 597)

ਇਸ 'ਇਕ' ਵਿਚ ਯਕੀਨ ਰਖਦਾ ਖਾਲਸਾ ਗੁਰਬਾਣੀ ਵਿਚ ਦਰਸਾਏ 'ਵਾਹਿਗੁਰੂ ਗੁਰਮੰਤ੍ਰ ਹੈ' ਦਾ ਸਵਾਸ ਸਵਾਸ ਜਾਪ ਕਰਕੇ ਉਸ 'ਇਕ' ਵਿਚ ਲੀਨ ਹੋਣ ਦਾ ਯਤਨ ਕਰਦਾ ਹੈ। ਕਿਸੇ ਮੜ੍ਹੀ ਮਸਾਣ ਦੀ ਪੂਜਾ ਨਹੀਂ ਕਰਦਾ।

- ਦੂਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥(ਪੰਨਾ 634)

ਪਾਖਾਨ ਪੂਜਾ ਹੋ ਨਹੀ॥ ਨ ਭੇਖੁ ਭੀਜ ਹੋ ਕਹੀ॥
ਅਨੰਤ ਨਾਮ ਗਾਇ ਹੈ॥ ਪਰਮ ਪੁਰਖ ਪਾਇ ਹੈ॥
ਬਿਅੰਤ ਨਾਮ ਧਿਆਏ ਹੋ॥ ਪਰਮ ਜੋਤਿ ਪਾਇ ਹੈ॥

ਨ ਧਿਆਨ ਆਨ ਕੋ ਧਰੋ।। ਨ ਨਾਮ ਆਨ ਉਚਰੋ।।

ਗੁਰੂ ਨਾਨਕ ਦੇ ਪਾਏ ਪੂਰਨਿਆਂ ਤੇ ਚਲਦਾ ਖਾਲਸਾ ਤੀਰਥ ਇਸ਼ਨਾਨ ਨੂੰ ਵੀ ਮਹੱਤਵ ਨਹੀਂ ਦੇਂਦਾ। ਸਗੋਂ ਉਸ ਦਾ ਤਾਂ ਵਿਸ਼ਵਾਸ ਹੈ :

ਕੋਟਿ ਤੀਰਥ ਮਾਜਨ ਇਸ਼ਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ।।
ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ।। (ਪੰਨਾ 747)
ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ।। (ਪੰਨਾ 558)
ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ।। (ਪੰਨਾ ੪੯੧)
ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ। (ਪੰਨਾ ੬੮੭)

ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਜਾਤ-ਪਾਤ ਦੀਆਂ ਵੰਡੀਆਂ ਦੇਖ ਕੇ ਕਿਹਾ ਸੀ।

ਫਕੜ ਜਾਤੀ ਫਕੜੁ ਨਾਉ।। ਸਭਨਾ ਜੀਆ ਇਕਾ ਛਾਉ।। (ਪੰਨਾ ੮੩)
ਮਾਟੀ ਏਕ ਸਗਲ ਸੰਸਾਰਾ ਬਹੁਬਿਧਿ ਭਾਂਡੇ ਘੜੇ ਕੁਮ੍ਹਾਰਾ।। (ਪੰਨਾ ੧੧੨੮)

ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਖਾਲਸੇ ਵਿਚੋਂ ਸਾਰੀਆਂ ਵੰਡੀਆਂ ਰੁੱਕੀਆਂ ਗਈਆਂ। ਹਿੰਦੁਸਤਾਨ ਦੇ ਹਰ ਭਾਗ ਤੋਂ ਆਏ ਖੱਤਰੀਆਂ, ਜੱਟਾਂ, ਸ਼ੂਦਰਾਂ ਨੇ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਿਆ । ਜ਼ਾਤ-ਪਾਤ ਵਰਣ ਦੀ ਕੈਦ ਕੱਟੀ ਗਈ। 'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਆਦਰਸ਼ ਪੂਰਾ ਹੋਇਆ। ਮਜ਼ਹਬੀ ਭਿੰਨ ਭੇਤਾਂ ਦੇ ਵਿਤਕਿਆਂ ਤੋਂ ਛੁਟਕਾਰਾ ਮਿਲਿਆ। ਸੰਨਿਆਸੀ, ਜੋਗੀ, ਬ੍ਰਹਮਚਾਰੀ ਆਦਿ ਫ਼ਿਰਕਿਆਂ ਤੋਂ ਉੱਚਾ ਉਠ ਕੇ ਮਨੁੱਖ ਦੀ ਜਾਤ ਵਿਚ ਯਕੀਨ ਬੱਝਾ:-

ਹਿੰਦੂ ਤੁਰਕ ਕੋਊ ਰਾਫ਼ਜ਼ੀ ਇਮਾਮ ਸਾਫ਼ੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।

ਸਾਰੇ ਪਾਸੇ 'ਏਕ ਨੂਰ ਤੇ ਸਭ ਜਗ ਉਪਜਿਆ' ਨਜ਼ਰ ਆਉਣ ਲੱਗਾ। ਗੁਰੂ ਨਾਨਕ ਨੇ ਸਮਕਾਲੀ ਸਮਾਜ ਦੀ ਅਵਸਥਾ ਵੇਖ ਕੇ ਕਿਹਾ ਸੀ :

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।। (ਪੰਨਾ ੪੬੯)

ਪਰ ਅੰਮ੍ਰਿਤ ਨੇ ਖਾਲਸੇ ਵਿਚ ਅਜਿਹੀ ਸ਼ਕਤੀ ਭਰੀ ਕਿ ਉਸ ਦਾ ਤੀਜਾ ਨੇਤਰ ਖੁਲ੍ਹ ਗਿਆ। ਉਹ ਹੱਕਾਂ ਪ੍ਰਤੀ ਸੁਚੇਤ ਹੋ ਗਿਆ। ਹੁਣ ਉਹ ਕਿਸੇ ਵੀ ਜ਼ੁਲਮ ਨੂੰ ਸਹਿਣ ਲਈ ਤਿਆਰ ਨਹੀਂ ਸੀ। ਲੋਕਾਂ ਦੀ ਜ਼ਹਿਨੀ ਗੁਲਾਮੀ ਦੇ ਤੌਕ ਨੂੰ ਤੋੜ ਕੇ ਆਪਣੇ ਹਿਰਦੇ ਦੀ ਅਵਾਜ਼ ਅਨੁਸਾਰ ਬੇਖੌਫ਼ ਹੋ ਕੇ ਅਣਖ ਨਾਲ ਜੀਣ ਤੇ ਕਾਬਲ ਹੋ ਗਿਆ। 'ਜਬਾ ਅਵ ਕੀ ਅਉਧ ਨਿਧਾਨ ਬਨੈ' ਤਾਂ ਸ਼ੇਰਾਂ ਵਾਂਗ ਮੈਦਾਨ-ਏ -ਜੰਗ ਵਿਚ ਜੂਝਣ ਲਈ ਤਿਆਰ ਸੀ। ਇਹ ਗੁਰੂ ਨਾਨਕ ਦੀ ਚਲਾਈ ਲੋਕ ਜਾਗਰਤੀ ਦੀ ਲਹਿਰ ਦੀ ਪਰਪੱਕਤਾ ਦਾ ਸਿਖਰ ਸੀ। ਉਹ ਲੋਕ ਜੋ ਸਦੀਆਂ ਤੋਂ ਹਾਕਮਾਂ ਤੇ ਜਾਬਰਾਂ ਦੇ ਜ਼ੁਲਮ ਹੋਣੀ ਸਮਝ ਕੇ ਸਵੀਕਾਰਦੇ ਆ ਰਹੇ ਸਨ ਅੱਜ ਖਾਲਸਾ ਸੱਜ ਕੇ ਹੱਕਾ ਲਈ ਲੜਨ ਵਾਸਤੇ ਸਰੀਰਕ, ਮਾਨਿਸਕ, ਆਤਮਿਕ ਤੌਰ ਤੇ ਤਿਆਰ ਸਨ। ਹੁਣ ਖਾਲਸੇ ਦਾ ਆਪਣਾ ਇਸ਼ਟ ਸੀ, ਆਪਣਾ ਖਾਣ ਪਾਣ ਪਹਿਰਾਨ ਸੀ, ਆਪਣੀ ਬੋਲੀ ਸੀ, ਆਪਣਾ ਤਖ਼ਤ ਸੀ, ਆਪਣੇ ਕਿਲ੍ਹੇ ਸਨ, ਆਪਣੇ ਸ਼ਸਤਰ ਸਨ। ਹੁਣ ਖਾਲਸਾ ਲੱਖਾਂ ਵਿਚ ਵੀ ਛੁਪ ਨਹੀਂ ਸੀ ਸਕਦਾ। ਹੁਣ ਸਿੱਖ ਸਿੱਖ ਹੋਣ ਤੋਂ ਇਨਕਾਰ ਨਹੀਂ ਸੀ ਹੋ ਸਕਦਾ। ਅਜਿਹਾ ਨਿਆਰਾ ਤੇ ਨਿਰਾਲਾ ਸਰੂਪ ਦੇਣਾ ਹੀ ਗੁਰੂ ਨਾਨਕ ਦਾ ਆਦਰਸ਼ ਸੀ। ਏਸੇ ਨਿਰਾਲੇ ਪੰਥ ਵਲ ਹੀ ਤਾਂ ਭਾਈ ਗੁਰਦਾਸ ਜੀ ਨੇ ਇਸ਼ਾਰਾ ਕੀਤਾ ਸੀ

ਸ਼ਬਦਿ ਜਿਤੀ ਸਿਧਿ ਮੰਡਲੀ ਕੀਤੋਸ ਆਪਣਾ ਪੰਥੁ ਨਿਰਾਲਾ।। (ਵਾਰ ੧, ਪਉੜੀ ੩੧)

ਇਹ ਸਾਰੀ ਸ਼ਿਰਜਨਾ ਗੁਰੂ ਨਾਨਕ ਵੇਲੇ ਆਰੰਭਕ ਤੇ ਬੁਨਿਆਦੀ ਨੀਹਾਂ ਵਾਲੀ ਸੀ। ਗੁਰੂ ਗੋਬਿੰਦ ਸਿੰਘ ਵੇਲੇ ਇਹ ਅੰਤਮ ਅਤੇ ਸੰਪੂਰਨਤਾ ਦੀ ਸਟੇਜ ਤੇ ਪਹੁੰਚ ਗਈ। ਪਰ ਮਜ਼ੇ ਦੀ ਗੱਲ ਇਹ ਹੈ


www.AKJ.Org

ਕਿ ਖਾਲਸੇ ਦੀ ਆਰੰਭਤਾ ਤੇ ਸਪੂੰਰਨਤਾ ਦੋਨੋਂ ਹੀ ਵਿਸਮਾਦਜਨਕ ਹਨ। ਆਰੰਭ ਹੋਇਆ ਗੁਰੂ ਨਾਨਕ ਦੇ ਪਾਣੀ ਦੇ ਤੰਬੂ ਵਿਚ ਅਲੋਪ ਹੋਣ ਨਾਲ ਤੇ ਸੰਪੂਰਨਤਾ ਹੋਈ ਪੰਜਾਂ ਪਿਆਰਿਆਂ ਦੇ ਤੰਬੂ ਵਿਚ ਅਲੋਪ ਹੋਣ ਨਾਲ। ਦੋਨੋਂ ਹੀ ਬਾਹਰ ਆਏ ਤਾਂ ਇਕ ਨਵੀਂ ਸਖਸ਼ੀਅਤ ਵਿਚ ਤਬਦੀਲ ਹੋ ਕੇ। ਡਾ: ਕੁਲਦੀਪ ਕੌਰ ਜੀ ਨੇ ਇਸ ਨੂੰ ਤੰਬੂ ਤੋਂ ਤੰਬੂ ਤਕ ਦਾ ਸਫਰ ਕਿਹਾ ਹੈ। ਸਫ਼ਰ ਦੇ ਆਰੰਭ ਵਿਚੋਂ ਹੀ ਸਿਖਰ ਝਲਕਾਂ ਮਾਰਦਾ ਹੈ। ਗੁਰੂ ਨਾਨਕ ਦੇ ਪ੍ਰੇਮ ਖੇਲਨ ਕਾ ਚਾਉ ਅਤੇ ਸਤਿਗੁਰ ਆਗੈ ਸੀਸ ਭੇਟ ਦੇਉ ਦੀ ਸਾਕਾਰ ਰੂਪ ਵਿਚ ਸਿਰਜਨਾ ਭਾਵੇਂ ਦਸਮ ਗੁਰੂ ਵੇਲੇ ਹੋਈ ਪਰ ਇਸ ਦੇ ਚਿੰਨ੍ਹ ਗੁਰੂ ਨਾਨਕ ਵੇਲੇ ਹੀ ਦਿਖਾਈ ਦੇਣੇ ਸ਼ੁਰੂ ਹੋ ਗਏ ਸਨ। ਭਾਈ ਲਹਿਣਾ ਜੀ ਸੀਸ ਭੇਟ ਕਰਕੇ ਹੀ ਤਾਂ ਗੁਰੂ ਨਾਨਕ ਦਾ ਅੰਗ ਬਣੇ ਸਨ। 'ਅਬ ਜੂਝਨ ਕੋ ਦਾਉ' ਵਿਚ ਉਹੀ ਸ਼ਾਮਲ ਹੋਏ ਸਨ ਜਿਹਨਾਂ ਆਪਣਾ ਸੀਸ ਗੁਰੂ ਨੂੰ ਅਰਪਨ ਕਰ ਦਿਤਾ ਸੀ। ਇੰਜ ਇਕ ਨਵੀਂ ਕੌਮ ਦੀ ਆਰੰਭਤਾ ਹੋਈ ਸੀ। ਇਕ ਐਸੀ ਮਾਨਵੀ ਸ਼ਕਤੀ ਹੋਂਦ ਵਿਚ ਆਈ ਜੋ ਹਰ ਸਥਿਤੀ, ਹਰ ਔਕੜ, ਹਰ ਮੁਸੀਬਤ ਵਿਚ ਖ਼ੁਦ ਹੰਭਲਾ ਮਾਰ ਕੇ ਜ਼ੁਲਮ, ਦੁਸ਼ਟਤਾ ਤੇ ਬੁਰਾਈ ਦਾ ਟਾਕਰਾ ਕਰਨ ਲਈ ਤਿਆਰ ਸੀ। ਇਸ ਨਵੀਂ ਕੌਮ ਦਾ ਜੀਵਨ ਮਿਠਾਸ ਤੇ ਸੇਵਾ ਨਾਲ ਭਰਪੂਰ, ਗਿਆਨ ਧਰਮ ਤੇ ਸਵੈਮਾਣ ਵਾਲਾ ਅਤੇ ਕਰੱਤਵ ਸਮੁੱਚੀ ਲੁਕਾਈ ਦੀ ਸੁਰੱਖਿਆ ਲਈ ਬਲੀਦਾਨ ਵਾਲਾ ਸੀ। ਖਾਲਸੇ ਦੇ ਇਸੇ ਸਰੂਪ ਦਾ ਜ਼ਿਕਰ ਹੀ ਤਾਂ ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਕੀਤਾ ਸੀ।

ਜਤੁ ਪਾਹਾਰਾ ਧੀਰਜੁ ਸੁਨਿਆਰ॥ ਅਹਰਣਿ ਮਤਿ ਵੇਦ ਹਥੀਆਰ ॥
ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥ (ਪੰਨਾ ੮)

▪▪▪▪▪▪▪

(ਪੰਨਾ ੧੫ ਦਾ ਬਾਕੀ ...)

ਗੁਰਸਬਦ ਸੁਣਿਆਂ, ਮੰਨਿਆ, ਕਮਾਇਆ ਤੇ ਰਸਨਾ ਦੁਆਰਾ ਗਾਵਿਆ ਹੈ, ਉਸ ਦਾ ਤਨ, ਮਨ, ਹਿਰਦਾ (ਬਾਗ) ਹਰਿਆ ਹੋ ਕੇ ਖਿੜਦਾ, ਬਿਗਸਦਾ ਹੈ, ਅਗਿਆਨ ਅੰਧੇਰਾ ਦੂਰ ਹੁੰਦਾ ਹੈ, ਤੇ ਗੁਰੂ ਦੇ ਚਰਾਗ ਦਾ ਇਕ ਨਿਮਖ ਜਾਂ ਘੜੀ ਵੀ ਦੀਦਾਰ ਹੋ ਜਾਇ ਤਾਂ ਜੀਵਨ ਦਾ ਉਦੇਸ਼ ਪੂਰਾ ਹੋ ਜਾਂਦਾ ਹੈ। ਗੁਰਵਾਕ ਹੈ-

੧ੴ ਸਤਿਗੁਰ ਪ੍ਰਸਾਦਿ॥ (ਬਿਲਾਵਲ ਕੀ ਵਾਰ ਮਹਲਾ ੪ ਸਲੋਕ ਮਹਲਾ ੪॥)

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ॥ ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ॥ ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ॥ ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥ ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ॥ ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ॥ (੮੪੯)

ਸੂਰਜ ਸਾਡੀ ਜਿੰਦ ਜਾਨ ਹੈ, ਇਸ ਬਿਨਾ ਜੀਵਨ ਅਸੰਭਵ ਹੈ ਪਰ ਸਾਡਾ ਅੱਧਾ ਸਮਾਂ ਇਸ ਦੀ ਗੈਰਹਾਜ਼ਰੀ ਵਿਚ ਬੀਤਦਾ ਹੈ। ਧੁੰਦ ਤੇ ਬੱਦਲ ਵੀ ਸੂਰਜ ਦੀ ਰੋਸ਼ਨੀ ਤੇ ਆਪਣਾ ਪ੍ਰਭਾਵ ਪਾਉਂਦੇ ਹਨ। ਵਰਤਮਾਨ ਕਾਲ ਵਿੱਚ ਬਿਜਲੀ ਦੀ ਰੋਸ਼ਨੀ, ਸਰੂਜ ਦੇ ਚਾਨਣ ਦਾ ਕੰਮ ਦਿੰਦੀ ਹੈ। ਫੈਕਟਰੀਆਂ ਤੇ ਖੇਡਾਂ ਦੇ ਮੈਦਾਨ ਵਿੱਚ, ਬਿਜਲੀ ਦੀ ਯੋਗ ਮਾਤਰਾ ਵਿਚ ਹੋਣ ਨਾਲ ਦਿਨ ਤੇ ਰਾਤ ਦਾ ਭੇਦ ਹੀ ਨਹੀਂ ਰਹਿੰਦਾ। ਇਉ ਕਿਸੇ ਹੱਦ ਤਕ ਸੂਰਜ ਦਾ ਬਦਲ ਹੈ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗਿਆਨ ਦੇ ਚਾਨਣ ਦਾ ਕੋਈ ਬਦਲ ਨਹੀਂ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ ਕਿ ਜਿਸ ਅਸਥਾਨ ਤੇ, ਜਾਂ ਘਟ ਵਿੱਚ ਗੁਰਦੇਵ ਜੀ ਦੀ ਰੂਹਾਨੀ ਰੋਸ਼ਨੀ ਦਾ ਪ੍ਰਕਾਸ਼ ਨਹੀਂ, ਉਥੇ ਹਜ਼ਾਰਾਂ ਸੂਰਜਾਂ ਤੇ ਚੰਦਾਂ ਦੇ ਹੁੰਦਿਆਂ ਵੀ ਘੁੱਪ, ਘੋਰ ਹਨੇਰਾ ਹੈ।

ਮ:੨॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ (ਆਸਾ ਦੀ ਵਾਰ– ੪੬੩)



www.AKJ.Org

# ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ॥
(ਜਪੁਜੀ ਸਾਹਿਬ)

(ਵੱਲੋਂ ਗੁਰਪੁਰਵਾਸੀ ਭਗਤ ਪੂਰਨ ਸਿੰਘ ਜੀ, ਪਿੰਗਲਵਾੜਾ, ਅੰਮ੍ਰਿਤਸਰ)

**ਸਚਿਆਰ ਕਿਵੇਂ ਹੋਈਦਾ ਹੈ?-**

ਜਪੁਜੀ ਸਾਹਿਬ ਦੀ ਪਹਿਲੀ ਪਉੜੀ ਬੜੀ ਹੀ ਕੀਮਤੀ ਹੈ। ਇਸ ਵਿਚ ਸਾਰੀ ਸਿਖ ਫ਼ਿਲਾਸਫ਼ੀ ਦਾ ਨਿਚੋੜ ਮਿਲ ਜਾਂਦਾ ਹੈ। ਮਹਾਰਾਜ ਗੁਰੂ ਨਾਨਕ ਦੇਵ ਜੀ ਪਹਿਲਾਂ ਪ੍ਰਸ਼ਨ ਕਰਦੇ ਹਨ ਕਿ ਸਚਿਆਰ (ਸੱਚ ਵਾਲੇ ਅਰਥਾਤ ਰੱਬ ਵਾਲੇ) ਕਿਵੇਂ ਹੋਵੀਦਾ ਹੈ ਤੇ ਕੂੜ ਦੀ ਦੀਵਾਰ, ਜੋ ਸਾਡੇ ਗਿਰਦੇ ਖੜ੍ਹੀ ਹੈ, ਕਿਵੇਂ ਟੁਟਦੀ ਹੈ? ਇਸ ਦਾ ਉਤਰ ਉਹ ਇਉਂ ਦਿੰਦੇ ਹਨ-ਰਜ਼ਾਅ ਵਾਲੇ ਪ੍ਰਮਾਤਮਾ ਦੇ ਹੁਕਮ ਵਿਚ ਚਲਣ ਨਾਲ (ਉਸ ਦੀ ਮਰਜ਼ੀ ਅਧੀਨ ਹੋ ਕੇ ਚਲਣ, ਆਤਮ ਸਮਰਪਨ ਕਰਨ ਨਾਲ) ਅਤੇ ਇਹ ਹੁਕਮ ਆਪਣੇ ਹੀ ਅੰਤਿਸ਼ਕਰਨ ਵਿਚ ਧੁਰ ਤੋਂ ਹੀ ਲਿਖਿਆ ਹੋਇਆ ਹੈ। ਇਹ ਹੁਕਮ ਅੰਦਰ ਹੀ ਲੱਭਦਾ ਹੈ। ਹਰੀ ਰੂਪ ਗੁਰੂ ਦੀ ਅਗਵਾਈ ਵਿਚ ਜੀਵਨ ਨੂੰ ਤੋਰਨਾ ਹੈ ਤੇ ਇਹ ਗੁਰੂ ਕਿਤੇ ਅਸਮਾਨਾਂ ਤੇ ਨਹੀਂ, ਸਾਡੇ ਆਪਣੇ ਹੀ ਅੰਦਰ ਵਸਦਾ ਹੈ। ਰੱਬ ਦਾ ਇਹ ਹੁਕਮ ਰੱਬ ਦੀ ਇਹ ਅਵਾਜ਼ ਮਧਮ ਤਾਂ ਪੈ ਸਕਦੀ ਹੈ, ਪਰ ਬਿਲਕੁਲ ਨਹੀਂ ਜਾਂਦੀ। ਇਸ ਮਧਮ ਹੋਈ ਅਵਾਜ਼ ਨੂੰ ਮੁੜ ਜਗਾਉਣਾ ਹੁੰਦਾ ਹੈ, ਜੋ ਇਕ ਅੰਦਰ ਵਸਦੀ ਜੋਤ ਨੂੰ ਜਗਾਉਣ ਨਾਲ ਹੀ ਹੋਣਾ ਹੁੰਦਾ ਹੈ। ਜਦ ਇਹ ਜੋਤ ਜਗ ਪੈਂਦੀ ਹੈ ਤਾਂ ਅੰਦਰ ਦੀ ਅਵਾਜ਼ ਵੀ ਸਾਫ਼ ਸਾਫ਼ ਸੁਣਾਈ ਦੇਣ ਲਗ ਜਾਂਦੀ ਹੈ ਤੇ ਜੀਵਨ ਸੱਚ ਵਾਲਾ ਹੋ ਜਾਂਦਾ ਹੈ। ਜਿਸ ਮਨੁੱਖ ਨੇ ਆਪਣੇ ਗੁਣ ਅਵਗੁਣ ਵੇਖਣ ਲਈ ਅੰਦਰ ਬੈਠੇ ਰੱਬ ਅਰਥਾਤ ਆਪਣੀ ਆਤਮਾ (ਜ਼ਮੀਰ) ਨੂੰ ਪਹਿਰੇਦਾਰ ਨਹੀਂ ਬਨਾਨਾ ਉਸ ਨੂੰ ਆਪਣਾ ਆਪ ਤੇ ਫ਼ਤਹ ਪਾਉਣੀ ਹੈ। ਜਦੋਂ ਲਾਲਚ ਤੇ ਖ਼ੁਦਗਰਜ਼ੀ ਦੀਆਂ ਖਿਚਾਂ ਉਸ ਨੂੰ ਚਹੁੰ ਪਾਸਿਆਂ ਤੋਂ ਆ ਘੇਰਦੀਆਂ ਹਨ ਤਾਂ ਉਸ ਨੇ ਆਪਣੇ ਅੰਦਰ ਹੀ ਕਮਾਈ ਹੋਈ ਸ਼ਕਤੀ ਨਾਲ, ਆਪਣੀ ਜਗਾਈ ਹੋਈ ਜੋਤ ਨਾਲ ਹੀ ਉਨ੍ਹਾਂ ਤੋਂ ਬਚ ਨਿਕਲਣਾ ਹੁੰਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉਤੇ ਫ਼ਤਹ ਆਪਣੀ ਇਸ ਜਗਦੀ ਜੋਤ ਨਾਲ ਹੀ ਪਾਉਣੀ ਹੁੰਦੀ ਹੈ। ਬੁਰਾਈ ਕੋਈ ਵੀ ਹੋਵੇ ਉਹ ਮਨੁੱਖ ਨੂੰ ਇਤਨਾ ਸਮਾਂ ਹੀ ਨਹੀਂ ਦਿੰਦੀ ਕਿ ਉਹ ਇਸ ਦੇ ਹਾਨੀਕਾਰਕ ਫਲਾਂ ਬਾਬਤ ਸੋਚ ਸਕੇ ਜਾਂ ਕਿਸੇ ਗੁਰੂ ਪੀਰ ਦਾ ਮਸ਼ਵਰਾ ਲੈ ਸਕੇ। ਉਸ ਨੇ ਆਪ ਆਪਿ ਹੀ ਫੈਸਲਾ ਕਰਨਾ ਹੁੰਦਾ ਹੈ ਤੇ ਤੁਰੰਤ ਕਰਨਾ ਹੁੰਦਾ ਹੈ। ਦੁਨੀਆਂ ਦੀ ਬਦਨਾਮੀ ਦਾ ਡਰ ਜਾਂ ਕਿਸੇ ਅਗਲੀ ਦੁਨੀਆਂ ਵਿਚ ਮਿਲਦੀਆਂ ਸਜ਼ਾਵਾਂ ਦਾ ਡਰ ਉਸ ਨੂੰ ਕੁਝ ਸਮੇਂ ਲਈ ਹੀ ਧਰਮ ਦੇ ਰਾਹੇ ਰਖ ਸਕਦੇ ਹਨ। ਜਿੰਨਾ ਚਿਰ ਉਸ ਦੀ ਆਪਣੀ ਆਤਮਾ ਉਸ ਦੇ ਵਿਕਾਰਾਂ ਤੇ ਅਮਲਾਂ ਉਤੇ ਪਹਿਰੇਦਾਰ ਹੋ ਕੇ ਨਹੀਂ ਬੈਠਦੀ, ਉਹ ਪਾਪ ਦੇ ਗੁਲਬੇ ਤੋਂ ਬਚ ਨਹੀਂ ਸਕਦਾ।

ਪਰ ਪ੍ਰਸ਼ਨ ਇਹ ਹੈ ਕਿ ਰੱਬ ਦੇ ਇਸ ਹੁਕਮ ਨੂੰ ਕੋਈ ਸਮਝੇ ਕਿਵੇਂ ਤੇ ਉਸ ਅਨੁਸਾਰ ਤੁਰੇ ਕਿਵੇਂ ? ਇਹੋ ਪ੍ਰਸ਼ਨ ਰਾਇ ਬੁਲਾਰ ਨੇ ਗੁਰੂ ਨਾਨਕ ਦੇਵ ਜੀ ਨੂੰ ਉਸ ਸਮੇਂ ਕੀਤਾ ਸੀ ਜਦ ਗੁਰੂ ਜੀ ਨੂੰ ਉਨ੍ਹਾਂ ਦੀ ਚੜ੍ਹਦੀ ਜਵਾਨੀ ਵਿਚ ਭਾਈ ਬਾਲੇ ਨਾਲ ਵਾਪਾਰ ਦੇ ਕਿਸੇ ਕੰਮੇ ਲਾਣ ਦੇ ਖ਼ਿਆਲ ਨਾਲ ਵੀਹ ਰੁਪਏ ਦੇ ਕੇ ਬਾਹਰ ਭੇਜਿਆ ਗਿਆ ਸੀ ਤੇ ਗੁਰੂ ਨਾਨਕ ਦੇਵ ਜੀ ਨੇ ਰਾਹ ਵਿਚ ਹੀ ਕੁਝ ਭੁਖੇ ਸਾਧੂਆਂ ਨੂੰ ਰੋਟੀ ਖਵਾ ਕੇ ਸਾਰੀ ਰਕਮ ਖ਼ਰਚ ਕਰ ਦਿਤੀ ਸੀ। ਕਾਲੂ ਜੀ ਨੂੰ ਇਸ ਨਾਲ ਬੜਾ ਦੁਖ ਹੋਇਆ ਸੀ। ਉਨ੍ਹਾਂ ਦੀ ਨਜ਼ਰ ਵਿਚ ਇਹ ਧਨ ਨੂੰ ਅਜਾਈਂ ਵਗਾਣਾ ਸੀ ਤੇ ਉਹ ਬੜੇ ਹੀ ਕ੍ਰੋਧ ਵਿਚ ਆ ਗਏ ਸਨ। ਰਾਇ ਬੁਲਾਰ ਨੇ ਕਾਲੂ ਜੀ ਨੂੰ ਤਾਂ ਠੰਡਾ ਕੀਤਾ ਸੀ, ਪਰ ਉਨ੍ਹਾਂ ਦੇ ਆਪਣੇ ਮਨ ਵਿਚ ਵੀ ਇਹ ਤੌਖਲਾ ਸੀ ਕਿ ਗਰੀਬ ਕਾਲੂ ਜੀ ਦੀ ਦਸਾਂ ਨਹੁੰਆਂ ਦੀ ਕਮਾਈ ਨੂੰ ਬੇਤਹਾਸ਼ਾ ਨਹੀਂ ਵਰਤਿਆ ਜਾਣਾ ਚਾਹੀਦਾ ਸੀ। ਗੁਰੂ ਜੀ ਨੂੰ ਜ਼ਰਾ ਲਾਂਭੇ ਲੈ ਜਾ ਕੇ ਉਹਨਾਂ ਆਪਣਾ ਤੌਖਲਾ ਪ੍ਰਗਟ ਕਰ ਦਿਤਾ ਸੀ। ਗੁਰੂ ਜੀ ਨੇ ਉਤਰ ਦਿਤਾ ਸੀ ਕਿ ਉਹਨਾਂ ਰੁਪਏ ਦੀ ਵਰਤੋਂ ਬੇਤਹਾਸ਼ੇ ਹੋ ਕੇ ਨਹੀਂ ਕੀਤੀ ਤੇ ਉਹਨਾ ਨੂੰ ਆਪਣੇ ਅੰਦਰ ਦੀ ਅਵਾਜ਼ ਅਨੁਸਾਰ ਹੀ ਇਉਂ ਕੀਤਾ ਸੀ। ਉਨ੍ਹਾਂ ਨੂੰ ਪਤਾ ਸੀ ਕਿ ਪਿਤਾ ਜੀ ਨੇ ਕਿਸ ਮਿਹਨਤ ਨਾਲ ਇਹ ਰੁਪਿਆ ਬਣਾਇਆ ਹੋਇਆ ਸੀ, ਪਰ ਜਦ ਉਹਨਾਂ ਨੇ ਕੁਝ ਨੇਕ ਤਿਆਗੀ



www.AKJ.Org

ਸਾਧੂ ਕਈ ਦਿਨਾਂ ਦੇ ਭੁੱਖੇ ਬੈਠੇ ਵੇਖੇ ਤਾਂ ਉਹ ਆਪਣੇ ਪੈਸਿਆਂ ਨਾਲ ਸਾਧੂਆਂ ਦਾ ਦੁੱਖ ਨਵਿਰਤ ਹੋ ਸਕਦਾ ਸੀ। ਉਨ੍ਹਾਂ ਦੀ ਜ਼ਮੀਰ, ਉਹਨਾਂ ਦੇ ਅੰਦਰ ਬੈਠਾ ਰੱਬ ਉਹਨਾਂ ਨੂੰ ਏਸੇ ਰਾਹੇ ਤੋਰਦਾ ਸੀ ਜਿਸ ਰਾਹੇ ਉਹ ਤੁਰੇ ਸਨ। ਤਦੋਂ ਰਾਇ ਬੁਲਾਰ ਨੇ ਗੁਰੂ ਜੀ ਨੂੰ ਪੁਛਿਆ ਸੀ ਕਿ ਜੇ ਅੰਦਰ ਦੀ ਅਵਾਜ਼ ਉਹ ਆਪ ਸੁਣ ਸਕੇ ਸਨ ਤਾਂ ਦੂਜੇ ਕਿਉਂ ਨਹੀਂ ਸੁਣਦੇ? ਗੁਰੂ ਜੀ ਦਾ ਉਤਰ ਇਹ ਸੀ:-

ਜੋਗੀ ਹੋਵੈ ਜੋਗਵੈ, ਭੋਗੀ ਹੋਵੈ ਖਾਇ॥
ਤਪੀਆ ਹੋਵੈ ਤਪੁ ਕਰੇ, ਤੀਰਥਿ ਮਲਿ ਮਲਿ ਨਾਇ॥੧॥
ਤੇਰਾ ਸਦੜਾ ਸੁਣੀਜੈ ਭਾਈ, ਜੇ ਕੋ ਬਹੈ ਅਲਾਇ॥੧॥ਰਹਾਉ॥
ਜੈਸਾ ਬੀਜੈ ਸੋ ਲੁਣੇ, ਜੋ ਖਟੇ ਸੁੋ ਖਾਇ॥
ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ॥੨॥
ਤੈਸੋ ਜੈਸਾ ਕਾਢੀਐ, ਜੈਸੀ ਕਾਰ ਕਮਾਇ॥
ਜੋ ਦਮੁ ਚਿਤਿ ਨ ਆਵਈ,ਸੋ ਦਮੁ ਬਿਰਥਾ ਜਾਇ॥੩॥
ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ॥
ਨਾਨਕ ਕੰਮਿ ਨ ਆਵਈ, ਜਿਤੁ ਤਨਿ ਨਾਹੀ ਸਚਾ ਨਾਉ॥੪॥੫॥੭॥(੭੩੦)

ਪਦ-ਅਰਥ- ਜੋਗਵੈ-ਯੋਗ ਕਮਾਉਂਦਾ। ਸਦੜਾ- ਆਵਾਜ਼। ਅਲਾਇ-ਜਪੇ, ਯਾਦ ਕਰੇ, ਹਰੀ ਦਾ ਧਿਆਨ ਧਰੇ। ਲੁਣੇ-ਵਢਦਾ ਹੈ। ਨੀਸਾਣੇ-ਪਰਵਾਨਾ। ਕਾਢੀਐ-ਗਿਣਿਆ (ਕਹਿਆ) ਜਾਂਦਾ ਹੈ। ਬਿਰਥਾ-ਨਿਸਫਲ। ਬੈ ਕਰੀ- ਮੁਲ ਲੈ ਕੇ ਦੇ ਦਿਆਂ।

ਟੀਕਾ-੧. ਆਮ ਮਨੁੱਖ ਆਪਣੀ ਹਉਮੈ ਦੀ ਆਵਾਜ਼ ਨੂੰ ਸੁਣਦਾ ਤੇ ਉਸ ਅਨੁਸਾਰ ਚਲਦਾ ਹੈ, ਅੰਦਰ ਬੈਠੇ ਰੱਬ ਦੀ ਆਵਾਜ਼ ਨੂੰ ਕੋਈ ਵਿਰਲਾ ਹੀ ਸੁਣਦਾ ਹੈ।) ਯੋਗੀ ਯੋਗ ਕਮਾਉਂਦਾ ਹੈ, ਭੋਗੀ ਭੋਗ ਭੋਗਦਾ ਹੈ।

੨. ਤਪੱਸਵੀ ਤਪ ਕਰਦਾ ਹੈ, (ਤੀਰਥ ਕਰਨ ਵਾਲਾ) ਤੀਰਥਾਂ ਤੇ ਮਲ ਮਲ ਇਸ਼ਨਾਨ ਕਰਦਾ ਹੈ। (ਯੋਗੀ, ਭੋਗੀ) ਤਪੱਸਵੀ ਤੇ ਤੀਰਥ-ਇਸ਼ਨਾਨੀ ਆਦਿਕ ਆਪਣੀ ਹਉਮੈ ਨੂੰ ਆਪਣੇ ਨਾਲ ਹੀ ਲਈ ਫਿਰਦੇ ਹਨ॥੧॥

੩. ਪਰ ਹੇ ਪਿਆਰੇ। ਹਰ ਕੋਈ ਅੰਤਰ-ਆਤਮੇ ਉਸ ਹਰੀ ਦੀ ਆਵਜ਼ ਨੂੰ ਵੀ ਸੁਣ ਸਕਦਾ ਹੈ, ਜੇ ਉਹ ਬੈਠ ਕੇ (ਟਿਕ ਕੇ) ਹਰੀ ਨੂੰ ਯਾਦ ਕਰੇ॥੧॥ਰਹਾਉ॥

੪. (ਨਹੀਂ ਤਾਂ) ਜੋ ਕੁਝ ਕੋਈ ਬੀਜਦਾ ਹੈ। ਓਹ ਕੁਝ ਉਹ ਵਢਦਾ ਹੈ; ਜੋ ਕੁਝ ਕਮਾਈ ਕੋਈ ਕਰਦਾ ਹੈ, ਉਹੀ ਉਹ ਖਾਂਦਾ ਹੈ।

੫. ਪਰ ਯਾਦ ਰਖੋ ਜਿਹੜਾ ਪੁਰਸ਼ ਨਾਮ ਰੂਪ ਪਰਵਾਨਾ ਲੈ ਜਾਂਦਾ ਹੈ ਕੇਵਲ ਉਸ ਨੂੰ ਹੀ ਦਰਗਾਹ ਵਿਚ ਲੇਖਾ ਦੇਣਾ ਨਹੀਂ ਪੈਂਦਾ॥੨॥

੬. ਜੈਸੀ ਕੋਈ ਕਾਰ ਕਰਦਾ ਹੈ, ਉਸ ਅਨੁਸਾਰ ਹੀ ਉਸ ਨੂੰ (ਦਰਗਾਹ ਵਿਚ) ਚੰਗਾ ਜਾਂ ਮੰਦਾ ਨਾਮ ਦਿਤਾ ਜਾਂਦਾ ਹੈ।

੭. (ਇਹ ਸਚਾਈ ਸਭ ਨੂੰ ਯਾਦ ਰਖਣੀ ਚਾਹੀਦੀ ਹੈ ਕਿ) ਜੋ ਸਵਾਸ ਸਿਮਰਨ ਬਿਨਾਂ ਜਾਂਦਾ ਹੈ, ਉਹ ਸੁਆਸ ਨਿਸਫਲ ਹੀ ਜਾਂਦਾ ਹੈ॥੩॥

੮. ਇਹ ਸਰੀਰ ਮੈਂ ਵੇਚ ਦੇਵਾਂ, ਬੈ ਕਰ ਦੇਵਾਂ, ਜੇ ਕੋਈ ਇਸ ਨੂੰ ਨਾਮ ਦੇ ਬਦਲੇ ਖ਼ਰੀਦਣ ਵਾਲਾ ਹੋਵੇ ।

੯. ਕਿਉਂਕਿ, ਹੇ ਨਾਨਕ, ਮੈਂ ਸਮਝਦਾ ਹਾਂ ਕਿ ਉਹ ਸਰੀਰ ਕਿਸੇ ਕੰਮ ਨਹੀਂ ਹੈ ਜਿਸ ਅੰਦਰ ਸੱਚਾ ਨਾਮ ਨਹੀਂ ਹੈ॥੪॥੫॥੭॥

ਸ਼ਬਦ ਵਿਚ ਸਮਝਾਇਆ ਗਿਆ ਹੈ ਕਿ ਹਉਮੈ ਦਾ ਪ੍ਰਭਾਵ ਐਸਾ ਹੈ ਕਿ ਇਹ ਹਰੀ ਦੀ ਅਵਾਜ਼


www.AKJ.Org

ਸੁਨਣ ਦੇ ਰਾਹ ਵਿਚ ਰੋਕ ਬਣ ਖਲੋਂਦੀ ਹੈ। ਆਮ ਮਨੁੱਖ ਤਾਂ ਭਲਾ ਅਸਾਨੀ ਨਾਲ ਹਉਮੈ ਦੇ ਪ੍ਰਭਾਵ ਹੇਠ ਆ ਜਾਂਦੇ ਹਨ, ਉਹਨਾਂ ਮਨੁੱਖਾਂ ਨੂੰ ਵੀ ਜੋ ਪਰਮਾਰਥ ਦੇ ਰਾਹ ਤੇ ਤੁਰਨ ਦਾ ਯਤਨ ਕਰਦੇ ਹਨ, ਇਹ ਚੁਪ ਕੀਤੇ ਹੀ ਉਹਨਾਂ ਦੇ ਅੰਦਰ ਵੜ ਕੇ ਉਹਨਾਂ ਨੂੰ ਨਿਸ਼ਾਨਿਓਂ ਡੇਗ ਦਿੰਦੀ ਹੇ ਤੇ ਜੀਵਨ ਦੇ ਹਰ ਘੇਰੇ ਵਿਚ ਹੀ ਇਸ ਦਾ ਜਾਲ ਵਿਛਿਆ ਹੋਇਆ ਹੈ:-

ਤੀਰਥਿ ਜਾਉ ਤ ਹਉ ਹਉ ਕਰਤੇ॥ (ਪੰਨਾ ੩੮੫)

ਪਰ ਜੋ ਮਨੁੱਖ ਨਾਮ ਦੁਆਰਾ ਆਪਣੇ ਅੰਦਰ ਟਿਕ ਕੇ, ਆਪਣੇ ਮਨ, ਆਤਮਾ ਦੇ ਦਰਵਾਜ਼ੇ ਪਰਮਾਤਮਾ ਖੋਲ੍ਹ ਦਿੰਦਾ ਹੈ ਤੇ ਆਪਣੇ ਆਪ ਨੂੰ ਆਪਣੀ ਹਉਮੈ ਨੂੰ ਉੱਕਾ ਹੀ ਵਿਚੋਂ ਕੱਢ ਦਿੰਦਾ ਹੈ, ਉਸ ਨੂੰ ਰੱਬ ਦੀ ਅਵਾਜ਼ ਸੁਣਾਈ ਦਿੰਦੀ ਹੈ। ਹੁਕਮ ਨੂੰ ਉਹ ਹੀ ਬੁਝਦਾ ਹੈ ਜਿਸ ਦੀ ਹਉਮੈ ਨਹੀਂ ਰਹਿੰਦੀ :-

ਹਉਮੈ ਬੂਝੈ ਤਾ ਦਰੁ ਸੂਝੈ॥ (ਆਸਾ ਦੀ ਵਾਰ)

ਅਰਥਾਤ -"ਜਦੋਂ ਹਉਮੈ ਦੀ ਅਗਨੀ ਬੁਝ ਜਾਂਦੀ ਹੈ ਤਾਂ ਹੀ ਹਰੀ ਦਾ ਦਰ ਲਭਦਾ ਹੈ।
ਸ਼ਬਦ ਦਾ ਨਿਚੋੜ ਰਹਾਉ ਦੀ ਤੁਕ ਵਿਚ ਹੈ, ਜਿਸ ਨੂੰ ਅਸੀਂ ਵਖਰਾ ਕਰਕੇ ਵੀ ਦੇਣਾ ਚਾਹੁੰਦੇ ਹਾਂ। ਤੁਕ ਇਹ ਹੈ :-

ਤੇਰਾ ਸਦੜਾ ਸੁਣੀਜੈ ਭਾਈ, ਜੇ ਕੋ ਬਹੈ ਅਲਾਇ॥

ਅਰਥਾਤ- "ਹਰ ਇਨਸਾਨ ਲਈ ਪ੍ਰਮਾਤਮਾ ਦੇ ਸੱਦੇ ਸਮੇਂ ਸਮੇਂ ਆਂਵਦੇ ਰਹਿੰਦੇ ਹਨ ਤੇ ਹਰ ਕੋਈ ਇਨ੍ਹਾਂ ਨੂੰ ਸੁਣ ਸਕਦਾ ਹੈ ਜੇ ਉਹ ਨੇਕ ਨੀਅਤੀ ਨਾਲ ਹਰੀ ਨੂੰ ਚੇਤੇ ਕਰੇ।"

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਸ਼ਬਦ ਦੀ ਮਹਾਨਤਾ ਹਰ ਮਨੁੱਖ ਲਈ ਹੈ। ਹਰੀ ਦੀ ਅਵਾਜ਼ ਨੂੰ ਸੁਣਦਾ ਕੋਈ ਉਹੀ ਹੈ ਜਿਸ ਨੇ ਯੋਗਤਾ ਪ੍ਰਾਪਤ ਕੀਤੀ ਹੋਵੇ, ਜੋ ਆਪਣੇ ਆਪ ਨੂੰ ਪ੍ਰਮਾਤਮਾ ਦੇ ਹਵਾਲੇ ਕਰ ਦੇਵੇ, ਜੋ ਉਸ ਦਾ ਹੁਕਮੀ ਸੇਵਕ ਹੋ ਜਾਵੇ। ਇਹ ਸ਼ਬਦ ਰਹਿੰਦੀ ਦੁਨੀਆਂ ਤਕ ਹੋਸ਼ ਸੰਭਾਲਣ ਵਾਲੇ ਸੰਸਾਰ ਦੇ ਹਰ ਗਭਰੂ ਨੂੰ ਝੰਜੋੜਦਾ ਰਹੇਗਾ ਕਿ ਉਹ ਇਸ ਗੱਲ ਦਾ ਪਤਾ ਕਰੇ ਕਿ ਸਮੇਂ ਦੇ ਹਾਲਾਤ ਉਸ ਪਾਸੋਂ ਕੀ ਮੰਗ ਕਰ ਰਹੇ ਹਨ ਤੇ ਉਹ ਉਸ ਮੰਗ ਨੂੰ ਪੂਰਾ ਕਰਨ ਲਈ ਤਿਆਰ ਹੈ ਜਾਂ ਨਹੀਂ, ਭਾਵੇਂ ਉਸ ਨੂੰ ਕਿੰਨੀਆਂ ਮੁਸ਼ਕਲਾਂ ਚੋਂ ਲੰਘਣਾ ਪਏ। ਜਿੰਨਾ ਚਿਰ ਉਹ ਆਪਣੀਆਂ ਗ਼ਰਜ਼ਾਂ ਤੋਂ ਉਤਾਂਹ ਨਹੀਂ ਉਠਦਾ ਉਹ ਠੀਕ ਅਗਵਾਈ ਨਹੀਂ ਲੈ ਸਕਦਾ।

## ਮਨ ਦੇ ਤ੍ਰੰਗ

ਮਨ ਦਾ ਵਸ ਵਿਚ ਆਵਣਾ ਮਨ ਦੇ ਅਨੇਕ ਪ੍ਰਕਾਰ ਦੇ ਫੁਰਨਿਆਂ ਸੰਕਲਪਾਂ ਵਿਕਲਪਾਂ ਦਾ ਅਭਾਵ ਹੋਣਾ ਹੈ। ਇਹ ਗੱਲ ਅਤੀ ਅਸੰਭਵ ਪ੍ਰਤੀਤ ਹੁੰਦੀ ਹੋਵੇਗੀ ਕਿ ਮਨ ਉੱਕਾ ਹੀ ਫੁਰਨਿਆਂ ਤੋਂ ਅਫੁਰ ਹੋ ਜਾਏ, ਪਰੰਤੂ ਇਹ ਗੱਲ ਗੁਰਮਤਿ ਅੰਦਰ ਕੋਈ ਅਲੌਕਿਕ ਗੱਲ ਨਹੀਂ।

ਮਨ ਦਾ ਆਪਣਾ ਨਿਜ ਸਰੂਪ (ਵਜੂਦ) ਕੋਈ ਨਹੀਂ, ਕਿੰਤੂ ਮਨ ਅਨੇਕ ਪ੍ਰਕਾਰ ਦੇ ਮਾਇਆਵੀ ਫੁਰਨਿਆਂ ਦਾ ਸੰਗੱਠਨ ਹੈ। ਪ੍ਰਾਣੀ ਉਤੇ ਕਰਤਾਰ ਦੀ ਪੂਰਨ ਕਿਰਪਾ ਇਹ ਹੈ ਕਿ ਪ੍ਰਾਣੀ ਗੁਰੂ ਦੇ ਭਾਣੇ ਅੰਦਰ ਆ ਜਾਏ। ਗੁਰੂ ਦੇ ਭਾਣੇ ਅੰਦਰ ਆਉਣਾ ਗੁਰੂ ਦਾ ਹਰ ਪ੍ਰਕਾਰ ਆਗਿਆਕਾਰੀ ਤੇ ਆਗਿਆ ਅਨੁਸਾਰੀ ਬਣਨਾ ਹੈ। ਇਸ ਬਿਧਿ ਗੁਰੂ ਦੇ ਭਾਣੇ ਅੰਦਰ ਆਏ ਪ੍ਰਾਣੀ ਦਾ ਮਨ, ਜੋ ਪਹਿਲਾਂ ਮਾਇਆਵੀ ਫੁਰਨਿਆਂ ਨਾਲ ਅੱਟਿਆ ਹੋਇਆ ਸੀ, ਗੁਰੂ ਦੇ ਸਰੂਪ ਵਿਚ ਲੀਨ ਹੋ ਕੇ ਜੋਤਿ ਸਰੂਪੀ ਮਨ ਹੋ ਜਾਂਦਾ ਹੈ। ਅਰਥਾਤ, ਮਨ ਦੇ ਮਾਇਆਵੀ ਛਉੜ ਕਟੇ ਜਾਣ ਪਰ ਹੇਠੋਂ ਸੁਧ ਅਤੇ ਨਿਰੋਲ ਦਿੱਬ ਆਤਮਾ ਹੀ ਆਤਮਾ ਝਲਕਾਰੇ ਮਾਰਨ ਲਗ ਪੈਂਦਾ ਹੈ, ਜਿਸ ਨੂੰ ਕੇਵਲ ਆਤਮ-ਅਨੰਦੀ-ਜਗਿਆਸੂ ਹੀ ਅਨੁਭਵ ਕਰ ਸਕਦੇ ਹਨ ਅਤੇ ਉਸ ਦੇ ਆਤਮਿਕ ਰਸ ਦੇ ਗਟਾਕ ਰਸ, ਬਸ, ਗੁੰਗੇ ਦੇ ਗੁੜ ਦੇ ਸੁਆਦ ਵਤ ਉਹ ਆਪ ਹੀ ਲੈ ਸਕਦੇ ਹਨ। ਇਉਂ ਮਨ ਦੇ ਤ੍ਰੰਗ ਆਤਮਿਕ ਤਰੰਗਾਂ ਵਿਚ ਪਲਟ ਜਾਂਦੇ ਹਨ।

(ਭਾ: ਸਾ: ਭਾ: ਰਣਧੀਰ ਸਿੰਘ ਜੀ)


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੧੦

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਅਕਤੂਬਰ ੯੮)

ਪਡੀਆ ਕਵਨ ਕੁਮਤਿ ਤੁਮ ਲਾਗੇ॥
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ਰਹਾਉ॥
ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥੧॥
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥੨॥
ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥੩॥
ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ॥
ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ॥੪॥੧॥

(ਮਾਰੂ ਕਬੀਰ ਜੀ, ਪੰਨਾ ੧੧੦੨-੩)

ਵਿਆਖਿਆ- ਬੇਦਾਚਾਰੀ ਅਤੇ ਬੇਦ-ਕਰਮਚਾਰੀ ਪੰਡਤਾਂ ਪ੍ਰਤੀ ਸੰਬੋਧਨ ਕਰ ਕੇ ਸਰਬੱਤ ਬੇਦ-ਪੜ੍ਹਨਹਾਰੇ ਅਤੇ ਬੇਦਾਂ ਅਨੁਸਾਰ ਕਰਮ ਕਰਨਹਾਰੇ ਪੰਡਿਤਾਂ ਨੂੰ ਪਰਬੋਧਿਆ ਗਿਆ ਹੈ ਇਸ ਵਾਕ ਦੁਆਰਾ, ਅਤੇ ਦਸਿਆ ਗਿਆ ਹੈ ਕਿ ਇਹ ਬੇਦ ਮਤਿ ਦੇ ਮੁੱਠੇ ਪੰਡੀਏ (ਪੰਡਤ ਲੋਕ) ਜੋ ਭੀ ਕਰਮ ਕਰਦੇ ਹਨ ਸੋ ਕੁਮੱਤੜੀ ਭਰੇ ਕਰਮ ਕਰਦੇ ਹਨ। ਬੇਦਾਂ ਦੀ ਪੜ੍ਹਾਈ ਲਾਉਂਦੀ ਹੀ ਕੁਮੱਤੜੇ ਕਰਮ ਵਲ ਹੈ। ਇਹ ਬੇਦ ਮਤੇ ਵਾਲੇ ਸਮੁਚੇ ਕਰਮ ਕੁਮਤਿ ਭਰੇ ਕਰਮ ਜਿਤਨੇ ਭੀ ਹਨ, ਸਭੇ ਹੀ ਇਹਨਾਂ ਕੁਮਤਿ ਕਰਨਹਾਰਿਆਂ ਨੂੰ ਭਵ ਸਾਗਰ ਵਿਚਿ ਡੋਬਣ ਵਾਲੇ ਕਰਮ ਹਨ। ਕਿਉਂਕਿ ਇਹਨਾਂ ਆਨਮਤ ਕੁਮਤੜੇ ਕਰਮਾਂ ਦੇ ਕਰਨ ਕਰਿ ਨਾਮ ਜਪਣ ਦੀ ਸੁਮਤਿ ਆਉਂਦੀ ਹੀ ਨਹੀਂ, ਅਤੇ ਨਾਮ ਨੂੰ ਇਹ ਬੇਦ (ਆਨਮਤਿ ਧਰਮ ਪੁਸਤਕਾਂ) ਦ੍ਰਿੜ੍ਹਾਉਂਦੇ ਹੀ ਨਹੀਂ, ਪ੍ਰਤੀਪਾਦਨ ਹੀ ਨਹੀਂ ਕਰਾਉਂਦੇ । ਅਤੇ ਨਾਮ ਬਿਨਾਂ ਭਵ-ਸਾਗਰ ਤੋਂ ਪਾਰ ਉਤਾਰਾ ਨਹੀਂ ਹੁੰਦਾ, ਪ੍ਰਾਣੀ ਦਾ ਨਿਸਤਾਰਾ ਹੁੰਦਾ ਹੀ ਨਹੀਂ। ਬਿਨਾਂ ਗੁਰਮਤਿ ਧਰਮ ਦੇ ਆਨਮਤ ਕੋਈ ਭੀ ਨਾਮ ਨਹੀਂ ਦ੍ਰਿੜ੍ਹਾਉਂਦਾ। ਸਭ ਆਨਮਤ ਧਰਮ-ਪੁਸਤਕ, ਖ਼ਾਸ ਕਰਿ ਬੇਦ ਤਾਂ ਬੰਦੇ ਨੂੰ ਕਰਮਾਂ ਕਾਂਡਾਂ ਵਿਚਿ ਹੀ ਉਲਝਾਉਂਦੇ ਹਨ। ਕਰਮ ਕਾਂਡ ਕੀਤਿਆਂ ਪ੍ਰਾਣੀ ਦਾ ਨਿਸਤਾਰਾ, ਭਵ-ਸਾਗਰ ਤੋਂ ਪਾਰ-ਉਤਾਰਾ ਤਾਂ ਕੀ ਹੋਣਾ ਸੀ, ਉਸਦਾ ਡੁਬਣ ਦਾ ਹੀਲਾ ਬਣ ਜਾਂਦਾ ਹੈ। ਅਤੇ ਇਹ ਕਰਮ-ਕਾਂਡੀ ਕੁਮਤੜੀਆਂ ਕਰਮੱਤੜੀਆਂ ਵਾਲੇ ਬੜੇ ਹੀ ਅਭਾਗੇ ਪੁਰਸ਼ ਹਨ, ਨਾਮੁ ਜੋ ਨਹੀਂ ਜਪਦੇ। ਬੇਦ ਪੁਰਾਨ ਪੜ੍ਹੇ ਹੋਣ ਦਾ, ਬੇਦ ਪੁਰਾਣਾਂ ਆਦਿਕ ਆਨਮਤ ਪੁਸਤਕਾਂ ਦੇ ਪੜ੍ਹਨ ਦਾ ਕੀ ਲਾਭ, ਕੀ ਮੁੱਲ ਹੈ ਜੇ ਏਹਨਾਂ ਦੇ ਪੜ੍ਹਨ ਕਰਿ ਵਾਹਿਗੁਰੂ ਦੀ, ਰਮਤ ਰਾਮ (ਸਾਰੇ ਰਮੇ ਹੋਏ ਰਾਮ) ਦੇ ਨਾਮ ਦੀ ਗਤੀ ਹੀ ਨਹੀਂ ਜਾਣੀ ਜਾ ਸਕਦੀ? ਨਾਮ ਦੀ ਕਦਰ ਹੀ ਨਹੀਂ ਪਛਾਣੀ ਜਾ ਸਕੀਦੀ? ਤਾਂ ਇਹਨਾਂ ਬੇਦਾਂ ਤੇ ਪੁਰਾਨਾਂ ਆਦਿਕ ਆਨਮਤ ਪੁਸਤਕਾਂ ਦੇ ਪੜ੍ਹਨ ਨਾਲਿ ਯਾ ਏਹਨਾਂ ਅਨੁਸਾਰ ਕਰਮ ਕਰਨ ਨਾਲਿ ਕੈਸੇ ਪਾਰ-ਉਤਾਰਾ ਨਿਸਤਾਰਾ ਹੋ ਸਕਦਾ ਹੈ। ਭਵ-ਸਾਗਰ ਤੋਂ ਪਾਰ ਉਤਰਨ ਦਾ ਧੁਰਵਾ ਕੈਸੇ ਬਝ ਸਕਦਾ ਹੈ? ਬਝ ਹੀ ਨਹੀਂ ਸਕਦਾ, ਪਾਰ-ਉਤਾਰਾ ਹੋ ਹੀ ਨਹੀਂ ਸਕਦਾ। ਜੈਸੇ ਗਧੇ ਉਪਰ ਚੰਦਨ ਦੇ ਭਾਰ ਲਦ ਲਏ, ਜੈਸੇ ਬੇਦਾਂ ਪੁਰਨਾਂ ਦੇ ਲਦ ਲਏ। ਬੇਦਾਂ ਪੁਰਾਨਾਂ, ਆਨਮਤ ਧਰਮ ਕਰਮ ਦੀਆਂ ਪੁਸਤਕਾਂ ਪੜ੍ਹਨਹਾਰੇ ਪੜ੍ਹਾਕੂ ਸਭ ਖਰ-ਦਿਮਾਗ ਹੋ ਜਾਂਦੇ ਹਨ। ਉਹਨਾਂ ਨੂੰ ਨਾਮ ਦੀ ਚੰਦਨ-ਵਾਸ ਪੋਹ ਹੀ ਨਹੀਂ ਸਕਦੀ । ਚਾਹੇ ਚੰਦਨ ਦੇ ਅੰਬਾਰਾਂ ਦੇ ਅੰਬਾਰ ਉਹਨਾਂ ਉਤੇ ਲੱਦ ਦੇਈਏ। ਭਾਵੇ



www.AKJ.Org

ਚੰਦਨ ਦੇ ਅੰਬਾਰਾਂ ਵਿਚਿ ਉਹਨਾਂ ਨੂੰ ਗੱਡ ਦੇਈਏ। ਉਹਨਾਂ ਨੇ ਤਾਂ ਗਧੇ ਹੀ ਰਹਿਣਾ ਹੈ। ਸੋ ਇਹਨਾਂ ਬੇਦਮਤੀ ਵਿਦਿਆਵਾਂ ਨੇ ਬਹੁਤੇ ਗਰਧਬਾ-ਨੰਦੀ ਸੁਆਮੀ ਹੀ ਪੈਦਾ ਕੀਤੇ ਹਨ। ਗਰਧਬ ਨੂੰ ਚਾਹੇ ਚੰਦਨ ਦੇ ਲੇਪ ਨਾਲਿ ਲਿਪ ਦਿਤਾ ਜਾਵੇ, ਗਰਧਬ (ਗਧੇ) ਦੇ ਅੰਦਰਿ ਚੰਦਨ ਦੀ ਵਾਸ਼ਨਾ ਖ਼ੁਸ਼ਬੋਈ ਕਦੇ ਨਹੀਂ ਚੜ੍ਹੇਗੀ, ਨਾ ਪੋਹੇਗੀ। ਖਰ ਚੰਦਨੀ ਦਿਮਾਗ ਕਦੇ ਚੰਦਨ ਕੁੰਦਨੀ ਪਾਰਸ ਚੰਦਨੀ ਸਿਫਤ ਸਾਲਾਹ ਦੇ ਪਾਤਰ ਨਹੀਂ ਬਣ ਸਕਦੇ। ਮਿਸਾਲ ਦੇ ਤੌਰ ਤੇ ਇਕ ਗੱਲ ਨਾਲਿ ਹੀ ਉਹਨਾਂ ਦੀ ਪਰਖ ਪੜਤਾਲ ਕਰਿ ਲਵੋ। ਕਿਹੜੀ ਗੱਲ, ਉਹ ਇਹ ਕਿ ਬੇਦਾਂ ਪੁਰਾਨਾਂ ਆਦਿਕ ਆਨ-ਧਰਮ-ਮਤ ਪੁਸਤਕਾਂ ਅੰਦਰਿ ਜੀਵਾਂ ਨੂੰ ਬਧ ਕਰਨਾ (ਵਢਣਾ, ਕੋਹਣਾ, ਕਤਲ ਕਰਨਾ) ਪੁੰਨ ਧਰਮ ਕਰਕੇ ਲਿਖਿਆ ਹੈ। ਐ ਏਹਨਾਂ ਪੁਸਤਕਾਂ ਦੇ ਵੇਤਿਓ, ਪੰਡੀਓ, ਤੁਸਾਂ ਭੀ ਜੀਵਾਂ ਦੇ ਬਧ ਕਰਨ ਨੂੰ ਪੁੰਨ ਧਰਮ ਥਾਪਿਆ ਹੋਇਆ ਹੈ, ਜਿਸ ਜੈਸਾ ਪਾਪ ਕਰਮ ਹੀ ਕੋਈ ਨਹੀਂ। ਜੇ ਇਸ ਪਾਪ ਕਰਮ ਨੂੰ ਹੀ ਤੁਸੀਂ ਧਰਮ ਕਰਕੇ ਮੰਨਦੇ ਹੋ ਤਾਂ ਦਸੋ ਅਧਰਮ ਕਿਹੜਾ ਹੋਇਆ ? ਅਰਥਾਤ ਜੀਵਾਂ ਨੂੰ ਮਾਰਨ, ਵੱਢਣ, ਬਧ ਕਰਨ ਤੋਂ ਵਧ ਕੇ ਕੋਈ ਅਧਰਮ ਨਹੀਂ, ਕੋਈ ਏਦੂੰ ਵਧ ਪਾਪ-ਕਰਮ ਨਹੀਂ। ਤਾਂ ਕੈਸੇ ਤੁਹਾਡਾ ਪਾਰ-ਉਤਾਰਾ ਹੋਵੇਗਾ ? ਨਿਸਚੇ ਕਰਕੇ ਤੁਸੀਂ ਭਵ-ਸਾਗਰ ਦੀ ਮੰਝਧਾਰ ਵਿਚਿ ਡੁਬੋਗੇ। ਜੀਵਾਂ ਦੇ ਬਧ ਕਰਨ ਵਾਲੇ ਕਰਮ ਕਰ ਕੇ ਤਾਂ ਤੁਸੀਂ ਆਪਣੇ ਆਪ ਨੂੰ ਸ੍ਰੇਸ਼ਟ ਮੁਨੀ (ਮੁਨੱਵਰ) ਬਣਾਈ (ਥਾਪੀ) ਬੈਠੇ ਹੋ ਤਾਂ ਦਸੋ ਫੇਰ ਕਸਾਈ ਕਿਸ ਨੂੰ ਕਹੋਗੇ ? ਸਭ ਤੋਂ ਵਡੇ ਕਸਾਈ ਤਾਂ ਤੁਸੀਂ ਆਪ ਹੋ, ਜੀਵਾਂ ਨੂੰ ਮਾਰਨ ਵਾਲੇ। ਤੁਹਾਥੋਂ ਵਧ ਹੋਰ ਕਉਣ ਕਸਾਈ ਹੋ ਸਕਦਾ ਹੈ ? ਜੇ ਕਸਾਈ ਦਾ ਨਾਮ ਹੀ ਮੁਨੱਵਰ ਹੈ ਤਾਂ ਇਹ ਤੁਸਾਡੀ ਮੁਨਵਰਤਾ ਕੋਈ ਨਹੀਂ, ਐਵੇਂ ਪਾਖੰਡ ਹੀ ਹੈ। ਜੀਆ ਬੱਧ ਵਾਲੇ ਕਰਮ ਤੁਸਾਡੇ ਸਭ ਕਸਾਈਆਂ ਵਾਲੇ ਕਰਮ ਹਨ। ਮਤ ਏਸ ਭੁਲੇਖੇ ਰਹਿਓ ਕਿ ਮੁਨਵਰੀ ਪਾਖੰਡੀ ਬਣ ਕੇ ਤੁਸਾਡਾ ਪਾਰ-ਉਤਾਰਾ ਹੋ ਜਾਵੇਗਾ। ਇਹ ਸਭ ਤੁਸਾਂ ਨੂੰ ਭਵ-ਸਾਗਰ ਵਿਚਿ ਡੋਬਣ ਵਾਲੇ ਹੀ ਕਰਮ ਹਨ। ਤੁਸੀਂ ਆਪ ਤਾਂ ਮਨ ਦੇ ਅੰਧੇ ਹੋ, ਦੂਜਿਆਂ ਨੂੰ ਤੁਸੀਂ ਕੀ ਸੁਮਤੀ ਦੇ ਸਕਦੇ ਹੋ ? ਹੋਰਾਂ ਨੂੰ ਅੰਧੇ ਗਿਆਨੀ ਕੀ ਗਿਆਨ ਬੁਝਾ ਸਕਦੇ ਹੋ? ਐਵੇਂ ਕਰਮ-ਹੀਣ, ਧਰਮ ਹੀਣ, ਮਨ-ਹੀਣ, ਗਿਆਨ-ਹੀਣ ਚੁੰਚ ਗਿਆਨੀ ਪੰਡਿਤ ਬਣਾ ਕੇ ਅਤੇ ਇਸ ਚੁੰਚ ਗਿਆਨ ਵਾਲੀ ਬਾਦ-ਬਿਦਿਆਵੀ ਕਥਾ ਕਰਿ ਕਰਿ ਤੁਸੀਂ ਐਵੇਂ ਬਪੁੜੀ ਮਾਇਆ ਦੇ ਕਾਰਨ ਆਪਣੀ ਵਿਦਿਆ ਨੂੰ ਵੇਚਦੇ ਹੋ, ਜਿਸ ਕਰਕੇ ਤੁਸਾਡਾ ਮਾਨੁਖਾ ਜਨਮ ਐਵੇਂ ਬਿਰਥਾ ਹੀ ਜਾਵੇਗਾ। ਨਾਰਦ ਮੁਨੀ ਤੋਂ ਲੈ ਕੇ ਬਿਆਸ ਸੁਕਦੇਵ ਆਦਿਕ ਇਹੀ ਸਾਖ਼ਾ ਭਰਦੇ ਹਨ ਕਿ ਹਿੰਸਾ ਆਦਿ ਕਰਮ ਸਭ ਅਧਰਮ ਅਨਿਆਇ ਰੂਪ ਕਰਮ ਹਨ। ਕਰਨੇ ਉਚਿਤ ਨਹੀਂ। ਤਾਂਤੇ ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਸਰਬੱਤਰ ਰਮੇ ਹੋਏ ਰਾਮ ਦੇ ਨਾਮ ਦਾ ਸਿਮਰਨ ਕਰਕੇ ਪ੍ਰਾਣੀ ਦਾ ਛੁਟਕਾਰਾ ਨਿਸਤਾਰਾ ਹੈ। ਹਿੰਸਾ ਆਦਿ ਜੀਵਾਂ ਨੂੰ ਬਧ ਕਰਨ ਵਾਲੇ ਕਰਮ ਸਭ ਰਸਾਤਲ ਨੂੰ ਹੀ ਲੈ ਜਾ ਕੇ ਡੋਬਣ ਵਾਲੇ ਹਨ। ਇਸ ਗੁਰਵਾਕ ਅੰਦਰਿ ਵਾਮ-ਮਾਰਗੀਆਂ ਨੇ ਬੇਦਾਂ ਵਿਚੋਂ ਸਿਖਿਆ ਲੈ ਕੇ ਇਹ ਤੱਤ ਕਢਿਆ ਹੈ ਕਿ ਮੁਦ੍ਰਾ, ਮਦਰਾ, ਮੈਥਨ, ਮਾਸ, ਮੱਛੀ ਇਹਨਾਂ ਪੰਜਾਂ ਮਕਾਰਾਂ ਵਾਲੇ ਕਰਮਾਂ ਦਾ ਕਰਨਹਾਰਾ ਹੋਣ ਕਰਿ ਹੀ ਪ੍ਰਾਣੀ ਦੀ ਕਲਿਆਣ ਹੁੰਦੀ ਹੈ। ਅਜਿਹੇ ਵਾਮ-ਮਾਰਗੀ ਵੇਦ ਪੜ੍ਹੇ ਪੰਡਤਾਂ ਨੂੰ ਕਬੀਰ ਸਾਹਿਬ ਉਪਰ ਵਾਲਾ ਉਪਦੇਸ਼ ਦ੍ਰਿੜਾਇ ਕੇ ਸੁਮਤੇ ਲਾਉਂਦੇ ਹਨ ਅਤੇ ਦਸਦੇ ਹਨ ਕਿ ਜੀਵਾਂ ਨੂੰ ਬਧ ਕਰਨ ਆਦਿਕ ਵਮ-ਮਾਰਗੀ ਕਰਮ ਨੂੰ ਕੀਤਿਆਂ ਅਵੱਸ਼ ਭਵ-ਸਾਗਰ ਵਿਚਿ ਡੁਬੀਦਾ ਹੈ ਜਿਥੋਂ ਤਰਨਾ ਅਤਿ ਦੁਹੇਲਾ ਹੋ ਜਾਂਦਾ ਹੈ।

ਅਗਲਾ ਗੁਰਵਾਕ ਭੀ ਆਨਮਤ ਪਾਖੰਡ ਕਰਮ ਦੀ ਪੋਲ ਨੂੰ ਖ਼ੂਬ ਖੋਲ੍ਹਦਾ ਹੈ। ਯਥਾ ਗੁਰਵਾਕ—

ਸੁਇਨੇ ਕਾ ਚਉਕਾ ਕੰਚਨ ਕੁਆਰ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ॥ ਗਰੁੜਾ ਖਾਣਾ ਦੁਧ ਸਿਉ ਗਾਡਿ॥੧॥
ਰੇ ਮਨ ਲੇਖੈ ਕਬਹੂ ਨ ਪਾਇ॥ ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ॥

ਦਸ ਅਠ ਲੀਖੇ ਹੋਵਹਿ ਪਾਸਿ॥ ਚਾਰੇ ਬੇਦ ਮੁਖਾਗਰ ਪਾਠਿ॥
ਪੁਰਬੀ ਨਾਵੈ ਵਰਨਾਂ ਕੀ ਦਾਤਿ॥ ਵਰਤ ਨੇਮ ਕਰ ਦਿਨ ਰਾਤਿ॥੨॥
ਕਾਜੀ ਮੁਲਾਂ ਹੋਵਹਿ ਸੇਖ॥ ਜੋਗੀ ਜੰਗਮ ਭਗਵੇ ਭੇਖ॥
ਕੋ ਗਿਰਹੀ ਕਰਮਾ ਕੀ ਸੰਧਿ॥ ਬਿਨੁ ਬੂਝੇ ਸਭ ਖੜੀਅਸਿ ਬੰਧਿ॥੩॥
ਜੇਤੇ ਜੀਅ ਲਿਖੀ ਸਿਰਿ ਕਾਰ॥ ਕਰਣੀ ਉਪਰਿ ਹੋਵਗਿ ਸਾਰ॥
ਹੁਕਮੁ ਕਰਹਿ ਮੂਰਖ ਗਾਵਾਰ॥ ਨਾਨਕ ਸਾਚੇ ਕੇ ਸਿਫਤਿ ਭੰਡਾਰ॥੪॥੩॥

(ਬਸੰਤੁ ਮ:੧. ਪੰਨਾ ੧੧੬੮-੬੯)

ਵਿਆਖਿਆ- ਨਾਮ ਸਿਮਰਨ ਤੁਲ ਕੋਈ ਕਰਮ ਧਰਮ ਨਹੀਂ। ਭਾਵੇਂ ਸੋਇਨੇ ਦਾ ਚਉਕਾ ਹੋਵੇ ਅਤੇ ਸੋਨੇ ਦੇ ਹੀ ਕਰੂਏ (ਗਾਗਰ ਮਟਕੇ ਲੋਟੇ ਆਦਿਕ ਬਰਤਨ) ਹੋਣ। ਚਾਂਦੀ ਦੀਆਂ ਹੀ ਕਾਰਾਂ ਕਢੀਆਂ ਜਾਣ। ਏਡਾ ਵੱਡਾ ਅਡੰਬਰ ਬਹੁਤ ਸਾਰਾ ਕੀਤਾ ਜਾਵੇ। ਗੰਗਾ ਦਾ ਜਲ ਲਿਆ ਕੇ ਚਉਕੇ ਵਿਚਿ ਵਰਤਿਆ ਜਾਵੇ। ਯਗ ਹਵਨ ਦੀ ਪਵਿਤਰ ਸਮਝੀ ਗਈ ਅੱਗ ਉਸ ਚਉਕੇ ਵਿਚਿ ਜਲਾਈ ਜਾਏ ਜੋ ਸੂਰਜ ਦੀਆਂ ਕਿਰਣਾਂ ਤੋਂ ਯਾ ਪਥਰ ਘਸਾ ਕੇ ਮਚਾਈ ਜਾਂਦੀ ਹੈ। ਐਸੇ ਚਉਕੇ ਵਿਚਿ ਦੁੱਧ ਨਾਲਿ ਮਿਲਾ ਕੇ ਚਉਲਾਂ ਦੇ ਨਰਮ ਖਾਣੇ ਦੀ ਪਵਿਤਰ ਰਸੋਈ ਕੀਤੀ ਜਾਵੇ ਅਤੇ ਐਸੀ ਰਸੋਈ ਦਾ ਬਣਿਆ ਆਹਾਰ ਭੁੰਚਿਆ ਜਾਵੇ। ਏਡੇ ਅਡੰਬਰੀ ਆਹਾਰ ਕਰਮ ਕੀਤੇ ਕਿਸੇ ਭੀ ਲੇਖੇ ਨਹੀਂ ਪੈਂਦੇ, ਜਦ ਤੋੜੀ ਸੱਚੇ ਨਾਮ ਦੀ ਅਭਿਆਸ ਕਮਾਈ ਕਰਕੇ ਭਿਜਿਆ ਨਾ ਜਾਵੇ। ਲੇਖੇ ਪੈਂਦੀ ਹੈ ਤਾਂ ਗੁਰਮਤਿ ਨਾਮ ਦੀ ਰਸ-ਭਿੰਨੀ ਕਮਾਈ ਹੀ ਲੇਖੇ ਪੈਂਦੀ ਹੈ। ਹੋਰ ਆਨਮਤ ਕਰਮ ਕਿਸੇ ਭੀ ਲੇਖੇ ਨਹੀਂ ਪੈਂਦੇ। ਅਠਾਰਾਂ ਹੀ ਪੁਰਾਨ ਆਪਣੇ ਹਥੀਂ ਲਿਖ ਕੇ ਪਾਸ ਧਰੇ ਹੋਏ ਹੋਣ। ਚਾਰੇ ਹੀ ਵੇਦਾਂ ਦਾ ਮੂੰਹ-ਜ਼ਬਾਨੀ ਪਾਠ ਚੇਤੇ ਹੋਵੇ ਅਤੇ ਨਿਤਾਪ੍ਰਤਿ ਕੀਤਾ ਜਾਵੇ। ਖ਼ਾਸ ਆਨਮਤੀ ਤਿਉਹਾਰਾਂ ਸਮੇਂ ਸਾਰੇ ਆਨਮਤੀ ਤੀਰਥਾਂ ਤੇ ਨ੍ਹਾਇਆ ਜਾਵੇ। ਖਤਰੀ ਬ੍ਰਾਹਮਣ ਆਦਿਕ ਵਰਨਾਂ ਲਈ ਜੋ ਦਾਨ ਪੁੰਨ ਕਰਨੇ ਲਿਖੇ ਹਨ (ਆਨਮਤੀ ਪੁਸਤਕਾਂ ਵਿਚਿ) ਉਹ ਭੀ ਕੀਤੇ ਜਾਣ ਅਤੇ ਐਨ ਪੁਰਬੀ ਲਗੀ ਸਮੇਂ, ਅਭੀਚ ਨਛੱਤ੍ਰ ਸਮੇਂ ਕੀਤੇ ਜਾਣ। ਹਿੰਦੂ ਮੱਤ ਦੇ ਵਰਨ ਨੇਮ ਸੰਜਮ ਸਾਰੇ ਹੀ ਕੀਤੇ ਜਾਣ ਅਤੇ ਦਿਨੇ ਰਾਤ ਲਗਾਤਾਰ ਹਫ਼ਤਿਆਂ ਬੱਧੀ ਬਰਸਾਂ ਬੱਧੀ ਕੀਤੇ ਜਾਣ। ਅਜਿਹੇ ਆਨਮਤੀ ਕਰਮ ਕੀਤੇ ਕਿਸੇ ਭੀ ਲੇਖੇ ਨਹੀਂ ਪੈਂਦੇ। ਅਜਾਈਂ ਜਾਂਦੇ ਹਨ। ਭਾਵੇਂ ਮੁਸਲਮਾਨੀ ਮੱਤ ਦੇ ਕਾਜੀ ਮੁਲਾਂ ਅਤੇ ਸ਼ੇਖ ਕਿਤਨੇ ਹੀ ਕੁਰਾਨ ਕਤੇਬੀ ਮਸਲੇ ਅਤੇ ਸ਼ਰਅ ਦੇ ਕਰਮ ਕਮਾਉਣ ਵਾਲੇ ਹੋਣ। ਅਤੇ ਹਿੰਦੂ ਮੱਤ ਦੇ ਭਾਵੇਂ ਕਿਤਨੇ ਹੀ ਜੋਗੀ ਜੰਗਮ ਸੰਨਿਆਸੀ ਉਦਾਸੀ ਭਗਵੇਂ ਭੇਸ ਦਾ ਵੇਸ ਧਾਰ ਕੇ ਆਨਮਤ ਧਰਮਾਂ ਦੇ ਅਨੇਕਾਂ ਕਰਮਾਂ ਨੂੰ ਕਰਨਹਾਰੇ ਵਾਲੇ ਹੋਣ ਅਤੇ ਭਾਵੇਂ ਕਿਤਨੇ ਹੀ ਗ੍ਰਿਹਸਤੀ ਕਰਮਾਂ ਦੀ ਸੰਧ ਮਿਲਾ ਕੇ ਕਰਮ ਕਮਾਉਣ ਵਾਲੇ ਹੋਣ। ਏਹਨਾਂ ਸਾਰੇ ਹੀ ਆਨਮਤ ਕਰਮਾਂ ਦੇ ਕਰਨਹਾਰੇ ਜਮਪੁਰ ਬੰਨ੍ਹ ਕੇ ਚਲਾਏ ਜਾਣਗੇ। ਕਿਸੇ ਦਾ ਲਿਹਾਜ਼ ਨਹੀਂ ਕੀਤਾ ਜਾਊ। ਗੁਰਮਤਿ ਨਾਮ ਨੂੰ ਬੁਝੇ ਬਿਨਾਂ, ਤੇ ਬੁਝ ਕੇ ਕਮਾਏ ਬਿਨਾਂ ਬੰਦ ਖਲਾਸੀ ਕਦੇ ਭੀ ਨਹੀਂ ਹੁੰਦੀ। ਇਹਨਾਂ ਆਨਮਤ ਕਰਮਾਂ ਦੇ ਕਮਾਉਣ ਕਰਿ ਕਦਾਚਿਤ ਨਹੀਂ ਹੋ ਸਕਦੀ। ਜਿਤਨੇ ਭੀ ਜੀਅ ਜੰਤ ਹਨ, ਸਭਨਾਂ ਦੇ ਸਿਰ ਤੇ ਕਾਰ ਲਿਖੀ ਹੋਈ ਹੈ। ਉਸ ਲਿਖੀ ਕਾਰ ਲਿਖਤ ਦੇ ਅਨੁਸਾਰ ਹੀ ਉਹ ਕਰਮ ਕਮਾਉਂਦੇ ਹਨ। ਪ੍ਰੰਤੂ ਗੁਰਮਤਿ ਕਰਣੀ ਹੀ ਸਭ ਤੋਂ ਪਰਧਾਨ ਕਰਮਣੀ ਸਸ਼ੇਟ. ਕਾਰ ਹੈ। ਜਦ ਨਿਸਤਾਰਾ ਹੋਣਾ ਹੈ ਤਾਂ ਗੁਰਮਤਿ ਸਿਫਤਿ ਸਾਲਾਹੀ ਸੱਚੀ ਸਾਰ ਕਰਣੀ ਦੁਆਰਾ ਹੀ ਹੋਣਾ ਹੈ। ਸਾਚੇ ਦੀ ਸਿਫਤ ਸਾਲਾਹ ਦੇ ਭੰਡਾਰ ਗੁਰੂ ਨਾਨਕ ਸਾਹਿਬ ਦੇ ਘਰ ਦਰ ਦਰਬਾਰ ਵਿਚਿ ਖੁਲ੍ਹੇ ਹੋਏ ਹਨ। ਜੋ ਏਸ ਘਰ ਦਰ ਦਰਬਾਰ ਨੂੰ ਛਡ ਕੇ ਹੋਰ ਥਾਵੀਂ ਹੋਰਨੀਂ ਆਨਮਤ ਦੇ ਘਰੀਂ ਦਰੀਂ ਟੱਕਰਾਂ ਮਾਰਦੇ ਫਿਰਦੇ ਹਨ ਓਹ ਮਨਮਤੀਏ ਮੂਰਖ ਗਵਾਰ ਹਨ। ਉਹ ਲੋਕਾਂ ਉਤੇ ਆਪਣੀ ਮਨਮਤ ਦੀ ਆਨਮਤ ਕਰਮੀ ਈਨ ਜਮਾ ਕੇ ਆਪਣਾ ਹੁਕਮ ਚਲਾਉਣਾ ਚਾਹੁੰਦੇ ਹਨ, ਸੋ ਸਭ ਬਿਰਥਾ ਹੈ। ਕਿਤਨੇ



www.AKJ.Org

ਹੀ ਆਪਾ-ਪੰਥੀ ਆਪਣੀ ਆਪਣੀ ਕਰਮ ਧਰਮ ਹੁਕਮੀ ਈਨ ਚਲਾ ਕੇ ਚਲੇ ਗਏ, ਓੜਕ ਇਹ ਮੀਣੇ ਰਸਾਤਲੀਂ ਹੀ ਜਾ ਪਏ। ਏਹਨਾਂ ਦੇ ਮਨਮਤਿ ਕਰਮ ਏਹਨਾਂ ਨੂੰ ਨਾ ਹੀ ਸਹਾਈ ਹੋਏ। ਨਾ ਇਹਨਾਂ ਦੇ ਪਿਛਲੱਗਾਂ ਨੂੰ ਆਨਮਤ ਮਨਮਤੀ ਕਰਮਾਂ ਦੀ ਕੋਈ ਸਹਾਇਤਾ ਹੋਈ। ਏਸੇ ਅਗਲੇ ਗੁਰਵਾਕ ਵਿਚਿ ਦਸੇ ਆਨਮਤ ਮਨਮਤੀਆਂ ਦੀ ਦੁਰਗਤਿ ਅਤੇ ਦੁਰਦਿਸ਼ਾ ਹੋਵੇਗੀ। ਯਥਾ ਗੁਰਵਾਕ—

ਬਸਤ੍ਰ ਉਤਾਰਿ ਦਿਗੰਬਰੁ ਹੋਗੁ॥ ਜਟਾ ਧਾਰਿ ਕਿਆ ਕਮਾਵੈ ਜੋਗੁ॥
ਮਨੁ ਨਿਰਮਲੁ ਨਹੀ ਦਸਵੈ ਦੁਆਰ॥ ਭ੍ਰਮਿ ਭ੍ਰਮਿ ਆਵੈ ਮੂੜਾ ਵਾਰੋ ਵਾਰ॥੧॥
ਏਕੁ ਧਿਆਵਹੁ ਮੂੜ ਮਨਾ॥ ਪਾਰਿ ਉਤਰਿ ਜਾਹਿ ਇਕ ਖਿਨਾਂ॥੧॥ ਰਹਾਉ॥
ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ॥ ਨਾਦੀ ਬੇਦੀ ਪੜਹਿ ਪੁਰਾਣ॥
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ॥ ਤਿਨ ਕੈ ਰਮਈਆ ਨੇੜਿ ਨਾਹਿ॥੨॥
ਜੇ ਕੋ ਐਸਾ ਸੰਜਮੀ ਹੋਇ॥ ਕ੍ਰਿਆ ਵਿਸੇਖ ਪੂਜਾ ਕਰੇਇ॥
ਅੰਤਰਿ ਲੋਭੁ ਮਨੁ ਬਿਖਿਆ ਮਾਹਿ॥ ਓਇ ਨਿਰੰਜਨੁ ਕੈਸੇ ਪਾਹਿ॥੩॥
ਕੀਤਾ ਹੋਆ ਕਰੇ ਕਿਆ ਹੋਇ॥ ਜਿਸ ਨੋ ਆਪਿ ਚਲਾਏ ਸੋਇ॥
ਨਦਰਿ ਕਰੇ ਤਾਂ ਭਰਮੁ ਚੁਕਾਏ॥ ਹੁਕਮੈ ਬੂਝੈ ਤਾਂ ਸਾਚਾ ਪਾਏ ॥੪॥
ਜਿਸੁ ਜੀਉ ਅੰਤਰੁ ਮੈਲਾ ਹੋਇ॥ ਤੀਰਥ ਭਵੈ ਦਿਸੰਤਰਿ ਲੋਇ॥
ਨਾਨਕ ਮਿਲੀਐ ਸਤਿਗੁਰ ਸੰਗ॥ ਤਉ ਭਵਜਲ ਕੇ ਤੂਟਸਿ ਬੰਧ ॥੫॥੪॥

(ਬਸੰਤੁ ਮ:੧, ਪੰਨਾ ੧੧੬੯)

ਇਸ ਗੁਰਵਾਕ ਦਾ ਤਤ ਵਿਆਖਤ ਭਾਵ ਇਹ ਹੈ ਕਿ ਗੁਰਮਤਿ ਨਾਮ ਤੋਂ ਬਿਨਾਂ ਕਿਸੇ ਭੀ ਆਨਮਤ ਕਰਮ ਕੀਤਿਆਂ ਮਨ ਕਦੇ ਨਿਰਮਲ ਨਹੀਂ ਹੁੰਦਾ। ਆਨਮਤ ਕਰਮਾਂ ਦੇ ਸਾਧਨ ਸਭਿ ਫੋਕਟ ਹਨ। ਇਕੋ ਸਾਧਨ ਵਰਤਣਾ ਹੀ ਉਚਿਤ ਹੈ ਜੋ ਗੁਰੂ ਕੀ ਸੰਗਤ ਵਿਚੋਂ ਮਿਲਦਾ ਹੈ। ਅਨੇਕਾਂ ਐਸੇ ਆਨਮਤਿ ਕਰਮੀ ਪਰਪੰਚੀ ਪਾਖੰਡੀ ਲੋਗ ਹਨ ਜੋ ਤਨ ਬਦਨ ਦੇ ਸਾਰੇ ਬਸਤਰ ਉਤਾਰ ਕੇ ਨਾਂਗੇ (ਦਿਗੰਬਰ) ਬਣ ਬੈਠਦੇ ਹਨ, ਪਰ ਨੰਗੇ ਰਹਿਆਂ ਤੇ ਨੰਗ-ਧੜੰਗੇ ਫਿਰਿਆਂ ਜੇ ਮੁਕਤੀ ਪ੍ਰਾਪਤਿ ਹੋ ਜਾਵੇ ਤਾਂ ਬਨਾਂ ਦੇ ਮਿਰਗ ਸਾਰੇ ਹੀ ਮੁਕਤ ਹੋ ਜਾਣੇ ਚਾਹੀਦੇ ਹਨ। ਨੰਗਿਆਂ ਧੜੰਗਿਆਂ ਫਿਰਿਆਂ ਪਾਖੰਡੀ ਸਾਧ ਹੀ ਸਦਾਈਦਾ ਹੈ। ਇਸ ਪਾਖੰਡ ਭੇਖ ਕੀਤਿਆਂ ਕਦੇ ਮੁਕਤੀ ਨਹੀਂ ਹੁੰਦੀ। ਹੋਰ ਅਜਿਹੇ ਹੀ ਆਨਮਤ ਪਾਖੰਡ ਸਾਧਨਾਂ ਨੂੰ ਸਾਧਣਹਾਰ ਜੋਗੀ ਬਣੇ ਫਿਰਦੇ ਹਨ। ਪਰ ਨਿਰੇ ਜਟਾਧਾਰੀ ਜੋਗੀ ਪਰਪੰਚ ਕਰਮਚਾਰੀ ਹੋਇਆਂ ਕਿਆ ਖ਼ਾਕ ਜੋਗ ਕਮਾਇਆ ਜਾਂਦਾ ਹੈ ? ਜੋਗ ਦਾ ਦਰ ਦੂਰ ਹੈ। ਸੱਚੜਾ ਜੋਗ ਮਨਮਤੀਆਂ ਦੀ ਕਿਰਿਆਂ ਤੋਂ ਕਾਫ਼ੂਰ ਹੈ॥ ਮਨ ਤਾਂ ਉਹਨਾਂ ਦਾ ਨਿਰਮਲ ਨਹੀਂ ਹੁੰਦਾ। ਦਸਮੇ ਦੁਆਰੇ ਪਉਣ ਚੜ੍ਹਾਉਣ ਦੇ ਯਤਨ ਉਨ੍ਹਾਂ ਦੇ ਨਿਸਫਲ ਹੀ ਜਾਂਦੇ ਹਨ। ਦਸਮੇ ਦੁਆਰੇ ਪਉਣ ਚੜ੍ਹਾਉਣ ਦਾ ਪਰਪੰਚ-ਕਰਮੀ ਜੋਗ ਕਰਿ ਕਰਿ ਥਕਿ ਰਹਿੰਦਾ ਹੈ। ਪਉਣ ਉਪਰ ਨੂੰ ਚੜ੍ਹਾਉਂਦਾ ਹੈ, ਹਠ ਯੋਗ ਕਰਿ ਕਰਿ, ਪਰ ਭਰਮ ਭਰਮ ਕੇ ਮੁੜਿ ਆਉਂਦਾ ਹੈ। ਮੂੜ੍ਹਾ ਮੁਗਧ ਗਵਾਰ, ਦਸਮੇ ਦਵਾਰ ਪਹੁੰਚਣਾ ਹੀ ਨਹੀਂ ਪਾਉਂਦਾ। ਠਹਿਰਾਉ ਕਿਵੇਂ ਹੋਵੇ। ਭਰਮ ਭਰਮ ਕੇ ਪਚਦਾ ਰਹਿੰਦਾ ਹੈ। ਇਸ ਹਠ ਯੋਗ ਕਿਰਿਆ ਦੁਆਰਾ ਨਾਹੀਂ ਦਸਮ ਦਵਾਰਾ ਮਿਲਦਾ ਹੈ ਨਾਹੀਂ ਮਨ ਨਿਰਮਲ ਹੁੰਦਾ ਹੈ। ਤਾਂ ਕਾਹਦਾ ਯੋਗ ਕਮਾਵਣਾ ਹੈ ਅਤੇ ਕਾਹਦਾ ਦਸਮ ਦੁਆਰੇ ਪਉਣ ਚੜ੍ਹਾਉਣਾ ਹੈ? ਸਭ ਬਿਰਥੀ ਫੋਕਟ ਕਿਰਿਆ ਹੈ। ਗੁਰੂ ਸਾਹਿਬ ਐਸੇ ਮੂੜ੍ਹ ਮਨ ਵਾਲੇ ਹਠ-ਯੋਗੀ ਆਨਮਤ ਪਰਪੰਚ ਕਰਮੀ ਨੂੰ ਉਪਦੇਸ਼ ਦਿੰਦੇ ਹਨ ਕਿ ਹੇ ਮੂੜ੍ਹ ਮਨ ਮੁਘਧੀ ਪਾਖੰਡੀ ਜਨ ਇਕ ਅਕਾਲ ਪੁਰਖ ਦੇ ਗੁਰਮਤਿ ਨਾਮ ਅਭਿਆਸ ਦੁਆਰਾ ਧਿਆਨ ਧਰੋ, ਤਾਂ ਸੁਤੇ ਹੀ ਇਹ ਸਹਿਜ ਯੋਗ ਦੀ ਕਮਾਈ ਕੀਤਿਆਂ ਦਸਮ ਦੁਆਰ ਭੀ ਖੁਲ੍ਹ ਜਾਂਦਾ ਹੈ ਅਤੇ ਮਨ ਭੀ ਸੱਚੇ ਟਿਕਾਉ ਵਿਚਿ ਆ ਜਾਂਦਾ ਹੈ। ਜਦੋਂ ਇਹ ਪਦ ਪ੍ਰਾਪਤਿ ਹੋਇਆ,


www.AKJ.Org

ਦਸਮੇ ਦੁਆਰਿ ਮਨ ਠਹਿਰਾਉਂਦਾ ਹੈ ਤਾਂ ਇਕ ਫੋਰੇ ਵਿਚਿ ਇਸ ਭਵ-ਸਾਗਰ ਤੋਂ ਪਾਰ ਉਤਰ ਜਾਣ ਦਾ ਸਰੰਜਾਮ ਬਣਿ ਜਾਂਦਾ ਹੈ। ਸਿਮਰਤੀਆਂ ਸ਼ਾਸਤਰਾਂ ਦਾ ਬਹੁ ਭਾਰੀ ਵਖਿਆਣ ਕਹਿਆ ਸੁਣਿਆ ਭੀ ਨਹੀਂ ਬਣਦਾ। ਉਹਨਾਂ ਦੀਆਂ ਨਾਦ ਧੁਨੀਆਂ ਅਤੇ ਧੁਨਾਉਣਹਾਰੇ ਅਤੇ ਬੇਦ-ਮੰਤਰ ਉਚਾਰਨ-ਹਾਰਿਆਂ ਤੇ ਪੁਰਾਨ੍ਹਾਂ ਦੇ ਪੜ੍ਹਨ-ਹਾਰਿਆਂ ਨੂੰ ਭੀ ਕੁਛ ਲਭਤਾ ਨਹੀਂ ਹੁੰਦੀ। ਐਸੇ ਪਾਖੰਡ-ਦ੍ਰਿਸ਼ਟੀ ਵਾਲਿਆਂ ਅਤੇ ਮਨਿ ਕਪਟ ਕਮਾਉਣ ਵਾਲਿਆਂ ਦੇ ਰਮਈਆ ਨੇੜੇ ਨਹੀਂ ਢੁਕਦਾ। ਅਨੇਕ ਸੰਜਮਾਂ ਕਰ ਕੇ ਇੰਦ੍ਰਿਆਂ ਨੂੰ ਵਸਿ ਕਰਨ ਦੇ ਸਾਧਨ ਕਮਾਉਣਹਾਰਾ, ਵਿਸ਼ੇਸ਼ ਪੂਜਾ ਕਰਮ ਕਰਨਹਾਰਾ ਸੰਜਮੀ ਭੀ ਭਾਵੇਂ ਕੋਈ ਹੋਵੇ ਉਸ ਦਾ ਭੀ ਵਿਸ਼ੇਸ਼ ਕਰਮੀ ਸੰਜਮ ਬਿਰਥਾ ਹੀ ਜਾਂਦਾ ਹੈ। ਕਿਉਂਕਿ ਐਨੇ (ਏਤਨੇ) ਆਨਮਤਿ ਪਾਖੰਡ ਕਰਦਿਆਂ ਭੀ ਉਸ ਦਾ ਮਨ ਬਿਖ ਮਾਇਆ ਵਿਚਿ ਹੀ ਖਪਤ ਰਹਿੰਦਾ ਹੈ ਅਤੇ ਹਿਰਦਾ (ਅੰਤਰੁ) ਲੋਭ ਨਾਲਿ ਹੀ ਲਿਬੜਿਆ ਰਹਿੰਦਾ ਹੈ ਐਸੇ ਪਾਖੰਡ ਕਰਮੀ ਪੁਰਸ਼ਾਂ ਨੂੰ ਨਿਰੰਜਨ ਵਾਹਿਗੁਰੂ ਪ੍ਰਮਾਤਮਾ ਦੀ ਪ੍ਰਾਪਤੀ ਭਲਾ ਕਿਵੇਂ ਹੋ ਸਕਦੀ ਹੈ ? ਹੋ ਹੀ ਨਹੀਂ ਸਕਦੀ। ਕਰਤੇ ਪੁਰਖ ਦੇ ਕੀਤੇ ਹੋਏ ਅਲਪਗ ਜੰਤ ਦਾ ਚਾਰਾ ਕੁਝ ਨਹੀਂ ਚਲਦਾ। ਉਸ ਦੇ ਕੀਤੇ ਕੁਛ ਨਹੀਂ ਬਣਦਾ। ਉਸ ਮਨਮਤੀਏ ਦਾ ਕੀਤਾ ਕਰਮ ਕਿਸੇ ਲੇਖੇ ਨਹੀਂ ਪੈਂਦਾ। ਜਿਸ ਨੂੰ ਕਰਤਾ ਪੁਰਖ ਆਪਿ ਸੁਮਤੇ ਲਾਏ, ਉਹ ਸੱਚੇ ਸੁਮਾਰਗ ਤੇ ਚਲਦਾ ਹੈ। ਜਿਸ ਦੇ ਉਪਰ ਸੱਚੇ ਸਾਹਿਬ ਦੀ ਨਦਰ ਮੇਹਰ ਹੋਵੇ, ਉਸ ਦਾ ਹੀ ਆਨਮਤ ਕਰਮੀ ਭਰਮ ਭੁਲਾਵਾ ਚੁਕਿਆ ਜਾਂਦਾ ਹੈ ਨਦਰਾਂ ਕਰਮਾਂ ਵਾਲਿਆਂ ਨੂੰ ਹੀ ਸੱਚੇ ਵਾਹਿਗੁਰੂ ਦੇ ਸੱਚੜੇ ਹੁਕਮ ਦੀ ਸੂਝ ਬੂਝ ਆਉਂਦੀ ਹੈ। ਇਸ ਸੱਚ ਹੁਕਮੀ ਸੋਝੀ ਪੈਣ ਕਰਿ ਹੀ ਸੱਚੇ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ, ਐਵੇਂ ਨਹੀਂ। ਆਨਮਤਿ ਕਰਮ ਕਰਿਆਂ ਤੋਂ ਸਗੋਂ ਅੰਦਰਲਾ ਜੀਵ-ਆਤਮਾ ਮੈਲਾ ਹੀ ਹੁੰਦਾ ਹੈ। ਭਾਵੇਂ ਸਾਰੇ ਦੇਸ-ਦੇਸਾਂਤਰੀ ਤੀਰਥਾਂ ਤੇ ਨ੍ਹਾਉਂਦਾ ਫਿਰੇ ਅਤੇ ਸਾਰੀਆਂ ਲੋਆਂ ਖੰਡਾਂ ਪੁਰੀਆਂ ਵਿਖੇ ਭਾਉਂਦਾ ਫਿਰੇ। ਕੁਛ ਉਚੇ ਭਾਗ ਹੋਣ ਤਾਂ ਸੱਚੇ ਸਤਿਗੁਰੂ ਗੁਰੂ ਨਾਨਕ ਦੇ ਘਰ ਦੀ ਸੰਗਤ ਵਿਚਿ ਨਿਵਾਸ ਹੋਵੇ ਤਾਂ ਭਉਜਲ ਦੇ ਸਾਰੇ ਬੰਧ ਟੁਟ ਜਾਣ। ਨਹੀਂ ਤਾਂ ਆਨਮਤੀ ਕਰਮ ਕਰੰਦਿਆਂ ਸਗੋਂ ਹੋਰ ਫੰਧੇ ਗਲ ਵਿਚਿ ਪੈਂਦੇ ਹਨ। ਅਗਲੇ ਗੁਰ ਪ੍ਰਮਾਣ ਵਿਚਿ ਹੋਰ ਭੀ ਖਲ੍ਹੋ ਕੇ ਪੋਲ ਖੋਲ੍ਹਿਆ ਹੈ ਆਨਮਤ ਪਾਖੰਡ ਕਰਮ ਦਾ। ਯਥਾ ਗੁਰਵਾਕ—

ਹਰਿ ਜੀਉ ਅੰਤਰਜਾਮੀ ਜਾਨ ॥
ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ ॥੧॥ ਰਹਾਉ॥
ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥
ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥੧॥
ਕਰਹਿ ਸੋਮਪਾਕੁ ਹਿਰਹਿ ਪਰਦਰਬਾ ਅੰਤਰਿ ਝੂਠ ਗੁਮਾਨ ॥
ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ ॥੨॥
ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ ॥
ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ ॥੩॥
ਸੋ ਗਿਆਨੀ ਸੋ ਬੈਸਨੌ ਪੜਿਆ ਜਿਸੁ ਕਰੀ ਕ੍ਰਿਪਾ ਭਗਵਾਨ ॥
ਓਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ॥੪॥
ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੋੁਲਾਨ ॥
ਸਾਧ ਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ ॥੫॥
॥੨॥ (ਸਾਰਗ ਮ:੫, ਪੰਨਾ ੧੨੦੨-੩)

ਵਿਆਖਿਆ:- ਘਟ ਘਟ ਕੇ ਪਟ ਪਟ ਕੀ ਜਾਨਣਹਾਰਾ ਵਾਹਿਗੁਰੂ ਅੰਤਰ-ਜਾਮੀ ਪ੍ਰਾਣੀਆਂ ਦੇ ਪਾਖੰਡ ਕੁਕਰਮਾਂ ਦੀ ਗਤੀ ਦਾ ਜਾਣੂ ਹੈ, ਭਾਵੇਂ ਕੋਈ ਕਿਤਨਾ ਹੀ ਲੁਕ ਛਿਪ ਕੇ ਕੁਕਰਮ ਕਰੇ। ਮਾਨੁਖ ਮਾਨੁਖ ਨਾਲਿ ਜੋ ਬੁਰਾਈ ਕਰਦਾ ਹੈ ਉਹ ਕੀਤੀ ਬੁਰਾਈ ਮਨੁਸ਼ਾਂ ਪਾਸੋਂ ਤਾਂ ਛਿਪ ਸਕਦੀ ਹੈ, ਪ੍ਰੰਤੂ ਵਾਹਿਗੁਰੂ


www.AKJ.Org

ਅੰਤਰਜਾਮੀ ਪਾਸੋਂ ਨਹੀਂ ਛਿਪ ਸਕਦੀ. ਜੋ ਪਉਣ ਸਮਾਨ ਹਰ ਥਾਂ ਹਰ ਅਸਥਾਨ ਤੇ ਮਉਜੂਦ ਹਾਜ਼ਰ ਨਾਜ਼ਰ ਹੈ। ਇਸ ਕਰਕੇ ਅਰਥਾਤ ਹਰ ਜਗ੍ਹਾ ਹਾਜ਼ਰ ਨਾਜ਼ਰ ਹੋਣ ਕਰਿ ਸਾਰਿਆਂ ਦੀਆਂ ਬੁਰਿਆਈਆਂ, ਸਭਸ ਦੇ ਬੁਰੇ ਕਰਮਾਂ ਦਾ ਸਾਹਦੇ ਹਾਲ ਹੈ. ਸਭ ਆਪਣੀ ਅੱਖੀਂ ਦੇਖਦਾ ਹੈ। ਉਸ ਤੋਂ ਕੋਈ ਭੀ ਬੁਰਾ ਪਾਖੰਡ-ਕਰਮ ਗੁੱਝਾ ਛਿਪਿਆ ਨਹੀਂ ਰਹਿ ਸਕਦਾ। ਬੈਸ਼ਨੋ ਨਾਉਂ ਸਦਾਉਣ ਵਾਲਾ ਪਾਖੰਡ-ਕਰਮੀ ਉਪਰੋਂ ਤਾਂ ਸ਼ਾਸਤਰਾਂ ਦੇ ਦਸੇ ਹੋਏ ਛੇ ਕਰਮ (ਬੇਦ ਪੜ੍ਹਨ ਪੜ੍ਹਾਉਣਾ, ਯਗ ਕਰਨਾ ਕਰਾਉਣਾ, ਦਾਨ ਦੇਣਾ ਦਿਵਾਉਣਾ) ਕਰਦਾ ਹੈ। ਪਰ ਅੰਦਰਖ਼ਾਨੇ ਉਸ ਦੇ ਲੋਭ-ਮਈ ਜੂਠ ਹੀ ਜੂਠ ਭਰੀ ਹੋਈ ਹੁੰਦੀ ਹੈ। ਤਾਂਤੇ ਉਸ ਦੇ ਖਟ ਕਰਮ ਸ਼ਾਸਤਰ ਵਾਲੇ ਕੀਤੇ ਕਰਮ ਸਭ ਨਿਸਫਲ ਹੀ ਜਾਂਦੇ ਹਨ। ਕਿਉਂਕਿ ਉਹ ਪਾਖੰਡ ਰੂਪ ਹਨ। ਜਿਹੜੇ ਲੋਗ ਸੰਤ ਸਭਾ ਦੀ ਨਿੰਦਿਆ ਕਰਦੇ ਹਨ ਅਤੇ ਆਪਣੇ ਆਪ ਨੂੰ ਗਿਆਨੀ ਕਹਾਉਂਦੇ ਹਨ, ਇਹ ਸਭ ਅਗਿਆਨ ਵਿਚ ਡੁਬੇ ਹੋਏ ਹਨ। ਤੇ ਇਨ੍ਹਾਂ ਦਾ ਨਿੰਦਾ ਕਰਨ ਵਾਲਾ ਕਰਮ ਮਹਾਂ ਨਿੰਦਤ ਹੈ ਅਤੇ ਨਿਰੀ ਅਭਿਮਾਨਤਾ ਭਰਿਆ ਹੈ। ਸੋ ਇਹ ਅਗਿਆਨਤਾ ਉਹਨਾਂ ਨੂੰ ਓੜਕ ਡੋਬ ਲੈ ਜਾਂਦੀ ਹੈ। ਜੋ ਲੋਗ ਚੰਦਰਮਾ ਦੀ ਰੋਸ਼ਨੀ ਨਾਲਿ ਪਕੇ ਹੋਏ ਫਲਾਂ ਦਾ ਅਹਾਰ ਕਰਦੇ ਹਨ ਅਤੇ ਚੰਦਰਮਾ ਨੂੰ ਦੇਖ ਕੇ ਉਸ ਦੀ ਕਲਾ ਅਨੁਸਾਰ ਅਹਾਰ ਘਟਾਈ ਵਧਾਈ ਜਾਂਦੇ ਹਨ, ਯਾ ਬਿਨ ਪਕਵਾਨ (ਘਿਓ ਵਿਚ ਪਕੇ ਹੋਏ ਭੋਜਨ) ਦੇ ਹੋਰ ਕੁਛ ਖਾਂਦੇ ਨਹੀਂ ਤੇ ਉਹ ਆਪਣਾ ਪਕਾਇਆ ਹੋਇਆ ਭੋਜਨ ਹੀ ਖਾਂਦੇ ਹਨ। ਐਸੇ ਸੋਮਪਾਕੀਆਂ ਦੇ ਸੋਮਪਾਕ-ਕਰਮ ਸਭ ਪਾਖੰਡ ਰੂਪ ਹਨ, ਕਿਉਂਕਿ ਉਹਨਾਂ ਦੇ ਅੰਦਰ ਨਿਰਾ ਝੂਠ ਗੁਮਾਨ ਹੀ ਹੁੰਦਾ ਹੈ। ਪਰਾਏ ਦਰਬ (ਮਾਲ) ਨੂੰ ਚੁਰਾਉਣ (ਹਿਰਨ) ਤੋਂ ਹੀ ਉਹ ਦਰੇਗ ਨਹੀਂ ਕਰਦੇ। ਜਿਹੜੇ ਲੋਗ ਸ਼ਾਸਤਰ ਬੇਦ ਦੀ ਬਿਧੀ ਤੋਂ ਆਪਣੇ ਆਪ ਨੂੰ ਜਾਣੂ ਕਰਾਉਂਦੇ ਹਨ। ਪਰ ਅਮਲ ਦੇ ਥੋਥੇ ਹਨ, ਉਹਨਾਂ ਨੂੰ ਜਾਣੋ ਕਿ ਸ਼ਾਸਤਰ ਬਿਧੀ ਦੇ ਜਾਣੂ ਹੀ ਨਹੀਂ। ਸ਼ਾਸ਼ਤਰ-ਬਿਧੀ ਪਾਖੰਡ ਕਰਮ ਕਰਨੇ ਹੀ ਜਣਾਉਂਦੀ ਹੈ ਤਾਂਤੇ ਇਸ ਪਾਖੰਡ ਕਰਮ ਦੇ ਕਰਨ ਕਰਕੇ ਉਹ ਆਪਣੇ ਮਨ ਦੇ ਮਾਨ ਵਿਚਿ ਮੱਤੇ ਰਹਿੰਦੇ ਹਨ। ਇਸ ਮਾਨ ਵਿਚਿ ਸਾਰੀ ਉਮਰ ਉਲਝੇ ਰਹਿੰਦੇ ਹਨ। ਉਹਨਾਂ ਦਾ ਸ਼ਾਸਤਰ-ਬੇਦ-ਕਰਮੀ ਹੋਣਾ ਕਿਸ ਅਰਥ? ਕਿਸੇ ਲੇਖੇ ਭੀ ਨਹੀਂ। ਜਿਹੜੇ ਪਾਖੰਡੀ ਲੋਗ ਆਨਮਤੀ ਦਿਖਾਵੇ-ਮਾਤਰ ਸੰਧਿਆ ਤਰਪਣ ਗਾਇਤਰੀ ਕਰਦੇ ਹਨ ਅਤੇ ਸਾਰੇ ਬਰਤ ਰਖਦੇ ਹਨ, ਇਹ ਉਹਨਾਂ ਪਾਖੰਡੀਆਂ ਅਨਮਤੀਆਂ ਦੇ ਬਰਤ ਨੇਮ ਬੰਧਿਆ ਕਰਮ ਆਦਿਕ ਸਭ ਉਦਰ-ਪੂਰਨਾ ਵਾਲੇ ਹੀ ਪਾਖੰਡ ਕਰਮ ਹਨ। ਜੈਸੇ ਕਿ ਕੋਈ ਨਿਤ ਮੁਸਾਫ਼ਰੀਆਂ ਵਿਚਿ ਰਹਿਣ ਵਾਲਾ ਸਫ਼ਰੀ ਮਦਾਰੀ ਆਦਿਕ ਆਪਣੀ ਰੋਜ਼ੀ ਕਮਾਉਣ ਹਿਤ ਮਦਾਰੀ ਵਾਲੇ ਦੰਭ ਦਿਖਾਉਂਦਾ ਹੈ ਅਤੇ ਪਾਖੰਡ ਕਰਮ ਕਮਾਉਂਦਾ ਹੈ, ਇਹਨਾਂ ਨਿਹਫਲ ਕਰਮੀਆਂ ਦੇ ਸਭ ਕਰਮ ਕੀਤੇ ਨਿਹਫਲ ਹੀ ਹਨ। ਏਹਨਾਂ ਨੂੰ ਏਹਨਾਂ ਦੇ ਪੂਰਬਲੇ ਕਰਮਾਂ ਦੀ ਕੋਈ ਸਜ਼ਾ ਹੀ ਮਿਲੀ ਹੋਈ ਹੁੰਦੀ ਹੈ ਪਰਮਾਤਮਾ ਵਲੋਂ, ਜੋ ਇਹਨਾਂ ਪਾਖੰਡ ਕਰਮਾਂ ਵਿਚਿ ਫੇਰ ਉਲਝਾ ਛਡੇ ਹਨ। ਪ੍ਰਭੂ ਦੇ ਭੁਲਾਏ ਹੋਏ ਤੇ ਔਝੜ ਪਏ ਹੋਏ ਹਨ। ਜਿਨ੍ਹਾਂ ਉਤੇ ਭਗਵਾਨ ਦੀ ਕਿਰਪਾ ਹੋ ਜਾਂਦੀ ਹੈ ਸੋ ਸੱਚੇ ਬੈਸ਼ਨੋ ਅਤੇ ਸੱਚੇ ਗਿਆਨੀ ਬਣ ਜਾਂਦੇ ਹਨ। ਪਰ ਗੁਰੂ ਘਰ ਵਿਖੇ ਜਨਮ ਲੈ ਕੇ ਸਤਿਗੁਰੂ ਦੇ ਸਿਖ ਸੇਵਕ ਬਣ ਕੇ ਸੱਚੇ ਬੇਸ਼ਨਵਾਂ ਵਾਲੇ, ਸੱਚੇ ਗਿਆਨੀਆਂ ਵਾਲੇ ਕਰਮ ਕਮਾਉਂਦੇ ਹਨ। ਇਸ ਬਿਧਿ ਸਤਿਗੁਰੂ ਨੂੰ ਸੇਵ ਕੇ, ਗੁਰਮਤਿ ਸੇਵਾ ਕਰਮ ਭਗਤੀ ਕਰਨ ਕਰਿ ਉਹਨਾਂ ਨੂੰ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰ ਨੇ (ਧੰਨ ਗੁਰੂ ਨਾਨਕ ਨੇ) ਇਉਂ ਸਾਰੀ ਸ੍ਰਿਸਟੀ ਨੂੰ ਸਾਰੀ ਭਰਮ ਭੁਲੀ ਲੁਕਾਈ ਨੂੰ ਉਧਾਰਨ ਦਾ ਸੱਚਾ ਧੁਰਵਾ 'ਗੁਰਮਤਿ-ਗਿਆਨ' ਬਖ਼ਸ ਕੇ ਬੰਨ੍ਹਿਆ ਹੈ। ਨਿਰੀ ਕਥਨੀ ਬਦਨੀ ਵਾਲੇ ਫੋਕਟ ਆਨਮਤ ਕਰਮ ਗਿਆਨ ਦੁਆਰਾ ਕੁਛ ਨਹੀਂ ਬਣਦਾ। ਬੱਸ, ਇਕੋ ਅਕਾਲ ਗੁਰੂ ਕਰਤਾਰ ਦੇ ਹੀ ਬਣਿ ਰਹੀਏ, ਜਿਵੇਂ ਉਹ ਚਲਾਵੇ ਤਿਵੇਂ ਚਲੀਏ। ਜਿਵੇਂ ਉਹ ਬੁਲਾਵੇ ਤਿਵੇਂ ਬੁਲੀਏ, ਤਾਂ ਹੀ ਸਾਡੀ ਕਲਜੁਗੀ ਜੀਵਾਂ ਦੀ ਸਦ-ਗਤੀ ਹੁੰਦੀ ਹੈ। ਸਾਧ ਸੰਗਤ ਦੀ ਗੁਰੂ ਘਰ ਦੇ ਗੁਰਮੁਖ ਜਨਾਂ ਦੀ ਧੂੜੀ ਬਣਿ ਰਹੀਏ ਅਤੇ ਸਾਧ ਸੰਗਤਿ ਦੀ ਸਰਨੀ ਪੜਿ ਰਹੀਏ, ਤਾਂਹੀ ਆਨਮਤ ਪਖੰਡ ਕਰਮਾਂ ਤੋਂ ਛੁਟਕਾਰਾ ਹੁੰਦਾ ਹੈ, ਐਵੇਂ ਨਹੀਂ।

(ਚਲਦਾ)



www.AKJ.Org

# ਅਖੰਡ ਕੀਰਤਨੀ ਜੱਥੇ ਨਾਲ ਸੰਬੰਧਿਤ ਅਤੇ ਹੋਰ ਅੰਮ੍ਰਿਤਧਾਰੀ ਸਿੰਘ-ਸਿੰਘਣੀਆਂ ਦੇ ਵਿਚਾਰਨ ਯੋਗ ਕੁਝ ਗੱਲਾਂ

* ਕੀ ਤੁਹਾਡੀ ਕਿਰਪਾਨ ਨੂੰ ਜੰਗ ਤਾਂ ਨਹੀਂ ਲੱਗਿਆ, ਕੀ ਤੁਹਾਡਾ ਗਾਤਰਾ ਸਾਫ ਸੁਥਰਾ ਤੇ ਦਰਸ਼ਨੀ ਹੈ ?
* ਕੁਝ ਛੱਕਣ ਤੋਂ ਬਾਦ ਬਿਨਾਂ ਹੱਥ ਸੁੱਚੇ ਕੀਤੇ ਕੀ ਤੁਸੀਂ ਜੂਠੇ ਦਸਤਾਰ ਜਾਂ ਕੇਸਾਂ ਨੂੰ ਤਾਂ ਨਹੀਂ ਲਗਾਉਂਦੇ?
* ਕੇਸ ਕੰਘਾ ਕਰਨ ਮਗਰੋਂ ਝੜੇ ਹੋਏ ਕੇਸਾਂ ਨੂੰ ਸੰਭਾਲਣ ਲਈ ਕੀ ਤੁਸੀਂ ਕੋਈ ਇੰਤਜਾਮ ਕੀਤਾ ਹੈ ?
* ਕੀ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਬਨਿਆਨ ਖੁੱਲੇ ਕੇਸੀਂ ਜਾਂ ਛੋਟੀ ਕੇਸਕੀ ਨਾਲ ਤਾਂ ਹਾਜਰੀ ਨਹੀਂ ਭਰਦੇ ?
* ਘਰ ਵਿਚ ਕੋਈ ਪ੍ਰਾਣੀ ਭੂਮ-ਆਸਣ ਬੈਠ ਕੇ ਪਾਠ ਕਰ ਰਿਹਾ ਹੋਵੇ ਤਾਂ ਘਰ ਦਾ ਕੋਈ ਪ੍ਰਾਣੀ ਉਸ ਨਾਲੋਂ ਉੱਚੀ ਥਾਂ ਤਾਂ ਨਹੀਂ ਬੈਠਾ ਹੁੰਦਾ ?
* ਕੀ ਤੁਸੀਂ ਖੁੱਲੇ ਕੇਸੀਂ(ਭਾਵੇਂ ਕੇਸ ਢਕੇ ਹੋਏ ਹੀ ਹੋਣ) ਘਰੋਂ ਬਾਹਰ ਇਧਰ ਉਧਰ ਤਾਂ ਨਹੀਂ ਘੁੰਮਦੇ ।
* ਕੀ ਤੁਸੀਂ ਨੜੀਮਾਰ (ਬੀੜੀ ਸਿਗਰੇਟ ਪੀਣ ਵਾਲਾ) ਸਿਰਗੁੰਮ ਜਾਂ ਹੋਰ ਬੇਅੰਮ੍ਰਿਤੀਆਂ ਦੇ ਹੱਥ ਦੇ ਤਿਆਰ ਕੀਤੇ ਪਕਵਾਨ ਤਾਂ ਨਹੀਂ ਛੱਕਦੇ ?
* ਜੇਕਰ ਤੁਹਾਨੂੰ ਆਪਣੇ ਘਰ ਚਾਰ-ਪੰਜ ਸਰਬਲੋਹੀ ਸਿੰਘਾਂ ਨੂੰ ਪ੍ਰਸ਼ਾਦਾ ਛਕਾਉਣਾ ਪੈ ਜਾਵੇ ਤਾਂ ਕੀ ਤੁਹਾਡੇ ਘਰ ਵਿਚ ਸਰਬਲੋਹ ਦੇ ਬਰਤਨ ਹੋਣਗੇ (ਬਰਤਨ ਵੀ ਚਾਂਦੀ ਵਾਂਗ ਚਮਕਦਾਰ, ਨਾ ਕਿ ਜੰਗ ਦੇ ਮਾਰੇ ਹੋਏ) ?
* ਕੀ ਤੁਸੀਂ ਲੰਗਰ ਸਜਾਉਣ ਲੱਗਿਆਂ ਗੱਲਾਂ ਗੱਪਾਂ ਤੇ ਨਹੀਂ ਮਾਰ ਰਹੇ ਹੁੰਦੇ ?
* ਕੀ ਤੁਸੀਂ ਖੁੱਲੇ ਕੇਸੀਂ ਕੋਈ ਜਲ ਪਾਣੀ ਤਾਂ ਨਹੀਂ ਛਕਦੇ ਭਾਵੇਂ ਤੁਸੀਂ ਕੇਸ ਢੱਕੇ ਹੋਏ ਹੀ ਹੋਣ।
* ਕੀਰਤਨ ਦੇ ਦੌਰਾਨ 'ਵਾਹਿਗੁਰੂ' ਸ਼ਬਦ ਦੀ ਧੁਨੀ ਲਗਾਉਂਦਿਆਂ ਕੀ ਅਸੀਂ ਇਹ ਧਿਆਨ ਦੇਂਦੇ ਹਾਂ ਕਿ ਇਹ ਸਰੋਤੇ ਜਨਾਂ (ਸਾਧ ਸੰਗਤ) ਨੂੰ ਸਪਸ਼ਟ ਸੁਣਾਈ ਦੇ ਰਿਹਾ ਹੋਵੇਗਾ ਜਾਂ ਨਹੀਂ ?
* ਕੀਰਤਨ ਦੇ ਦੌਰਾਨ ਜੋ ਪ੍ਰਮਾਣ ਅਸੀਂ ਦੇ ਰਹੇ ਹੁੰਦੇ ਹਾਂ, ਕੀ ਉਸ ਸ਼ਬਦ ਦੇ ਭਾਵ ਨਾਲ ਮੇਲ ਖਾਂਦਾ ਹੈ ਜਾਂ ਅੱਖਰ ਨਾਲ ਅੱਖਰ ਮਿਲਾਕੇ ਤੇ ਨਹੀਂ ਦੇਈ ਜਾ ਰਹੇ ਹੁੰਦੇ ?
* ਕੀਰਤਨ ਕਰਨ ਲੱਗਿਆਂ ਪੋਥੀਆਂ ਦੇ ਪੱਤਰੇ ਬੇਅਦਬੀ ਨਾਲ ਤਾਂ ਨਹੀਂ ਪਰਤਦੇ, ਕੀ ਪੋਥੀ ਰੱਖਣ ਲਈ ਕੋਈ ਅਲੱਗ ਚੌਂਕੀ ਜਾਂ ਰੇਹਲ ਦਾ ਇੰਤਜ਼ਾਮ ਕੀਤਾ ਹੈ। ਪੋਥੀ ਰੱਖਣ ਲਈ ਉਸ ਥੱਲੇ ਸੋਹਣੇ ਢੰਗ ਨਾਲ ਕੋਈ ਰੁਮਾਲਾ ਜਾਂ ਕਪੜਾ ਵਿਛਾ ਕੇ ਰੱਖਦੇ ਹਾਂ ਜਾਂ ਉਂਝ ਹੀ ਰੱਖ ਦਿੰਦੇ ਹਾਂ ?
* ਕੀਰਤਨ ਕਰਨ ਲੱਗਿਆਂ ਗੁਰੂ ਮਹਾਰਾਜ ਦੀ ਸਟੇਜ ਤੇ ਕੀ ਸਾਡੀਆਂ ਦਸਤਾਰਾਂ ਦੇ ਰੰਗ ਗੁਰਮੁਖੀ ਰੰਗਾਂ (ਨੀਲਾ, ਕਾਲਾ, ਸਫੈਦ ਤੇ ਕੇਸਰੀ) ਅਨੁਸਾਰ ਅਤੇ ਬਸਤਰ ਵੀ ਬਿਲਕੁਲ ਸਾਦੇ ਹੁੰਦੇ ਹਨ ਜਾਂ ਚਟਕ-ਮਟਕ ਵਾਲੇ ਪੈਂਟ ਬੁਸ਼ਟ ਹੁੰਦੇ ਹਨ, ਬੀਬੀਆਂ ਦੇ ਬਸਤਰ ਮੌਜੂਦਾ ਦੁਨਿਆਵੀ ਫੈਸ਼ਨ ਅਨੁਸਾਰ ਤਾਂ ਨਹੀਂ ਹੁੰਦੇ ?
* ਕੀ ਸਾਡੇ ਕੀਰਤਨ ਕਰਨ ਵਾਲੇ ਸਾਜ ਦਰਸ਼ਨੀ ਅਤੇ ਸਾਫ ਸੁਥਰੇ ਹਨ, (ਜੋੜੀ ਢਿੱਲੀ ਤਾਂ ਨਹੀ, ਵਾਜਾ ਬੇਸੁਰਾ ਅਤੇ ਉਸ ਉੱਤੇ ਮੈਲ ਤਾਂ ਨਹੀਂ ਜੰਮੀ ਹੋਈ, ਖੜਤਾਲਾਂ ਟੁੱਟੀਆਂ-ਭੱਜੀਆਂ ਤਾਂ ਨਹੀਂ), ਵਾਜੇ ਅਤੇ ਜੋੜੀ ਦੇ ਬਸਤਰ ਵੀ ਸਾਫ ਹਨ ਕਿ ਨਹੀ ?
* ਜਦੋਂ ਅਸੀਂ ਕੀਰਤਨ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਚਾਹੁੰਦੇ ਹਾਂ ਕਿ ਸਟੇਜ ਤੇ ਸਾਡੇ ਨਾਲ ਬੈਠੇ ਹੋਇ ਪ੍ਰੇਮੀ, ਸੰਗੀ-ਸਾਥੀ ਉੱਚੀ ਆਵਾਜ ਵਿਚ ਸਾਡੇ ਨਾਲ ਗੱਜ-ਵੱਜ ਕੇ ਬੋਲਣ ਪਰ ਕੀ ਦੂਜਿਆਂ ਦੀ ਵਾਰੀ ਅਸੀਂ ਵੀ ਉਹਨਾਂ ਨਾਲ ਰਲ ਕੇ ਬੋਲਦੇ ਹਾਂ ?
* ਕੀ ਸਾਨੂੰ ਕੀਰਤਨ ਸੁਣਾਉਣ ਦਾ ਸ਼ੌਂਕ ਹੈ ਜਾਂ ਕਰਨ ਦਾ ?


www.AKJ.Org

* ਪਾਠ ਜਾਂ ਅਖੰਡਪਾਠ ਦੀ ਸੇਵਾ ਨਿਭਾਉਂਦਿਆਂ ਕੀ ਅਸੀਂ ਇਹ ਸੋਚਦੇ ਹਾਂ ਕਿ ਪਾਠ ਦੇ ਇਕ-ਇਕ ਅੱਖਰ ਦਾ ਉਚਾਰਣ ਸ਼ੁੱਧ ਅਤੇ ਸਪਸ਼ਟ ਕਰੀਏ ਤਾਂ ਕਿ ਸਰੋਤੇ ਜਨਾ ਨੂੰ ਸਪਸ਼ਟ ਸੁਣਾਈ ਦੇਵੇ ?

* ਕੀ ਅਸੀਂ ਸੰਗਤੀ ਨਿਤਨੇਮ ਕਰਦਿਆਂ, ਹੋਰ ਸਰੋਤੇ ਜਨਾਂ ਦੀ ਸਮਝ ਦਾ ਧਿਆਨ ਰੱਖੇ ਬਿਨਾਂ ਕਾਹਲੀ ਦੇ ਘੋੜੇ ਤਾਂ ਨਹੀਂ ਦੁੜਾਉਂਦੇ।

* ਕੀ ਅਸਾਨੂੰ ਵੀ ਆਪਣੇ ਬੱਚਿਆਂ ਦੇ ਵਿਆਹ ਮੌਕੇ ਉਹਨਾਂ ਨੂੰ ਹੋਰਨਾਂ ਲੋਕਾਂ ਵਾਂਗ ਖਾਸ ਤੌਰ ਤੇ ਸਜਾਣ ਫਬਾਉਣ, ਆਨਮਤੀਆਂ ਵਾਂਗ ਆਪਣੇ ਸਰੀਰ ਤੇ ਤਰਾਂ ਤਰਾਂ ਦੇ ਸ਼ਿੰਗਾਰ ਕਰਾਉਣ ਅਤੇ ਗਹਿਣੇ ਪਵਾਉਣ ਦੇ, ਦਿਖਾਵਾ ਕਰਨ ਦੀ ਲਾਲਸਾ ਤਾਂ ਨਹੀਂ ਚੰਬੜੀ ਹੋਈ।

* ਕੀ ਬਾਕੀ ਦੁਨੀਆਂ ਵਾਂਗ ਆਪਣੀ ਬੱਚੀ ਦੇ ਲਾਵਾਂ ਦਾ ਸੂਟ ਗੁਲਾਬੀ, ਲਾਲ, ਜਾਂ ਸਗਨਾਂ ਵਾਲੇ ਰੰਗਾਂ ਵਿਚ ਤੁਸੀਂ ਵੀ ਵਿਸ਼ਵਾਸ ਤਾਂ ਨਹੀਂ ਕਰਦੇ ?

* ਕੀ ਸਾਡੀਆਂ ਭੈਣਾਂ ਨੂੰ ਵੀ ਦੁਨੀਆਂ ਵਾਂਗ ਉੱਚੀ ਹੀਲ ਵਾਲੇ ਸੈਂਡਲ, ਨੌਂਹ ਵਧਾਉਣੇ, ਨੇਲ ਪਾਲਿਸ਼, ਲਿਪਸਟਿਕ, ਚੂੜੀਆਂ, ਗਹਿਣੇ ( ਕਲੀਚੜੀਆਂ, ਮੁੰਦਰੀਆਂ, ਕਾਂਟੇ ਅਤੇ ਚੇਨਾਂ) ਆਦਿ ਪਹਿਨਣ ਦਾ ਝੱਸ ਤਾਂ ਨਹੀਂ ਚੜ੍ਹਿਆ ਰਹਿੰਦਾ ?

* ਕੀ ਨਿਤ ਨਵੇਂ ਬਦਲਦੇ ਫੈਸ਼ਨ ਅਨੁਸਾਰ ਹੀ ਕਪੜੇ ਖਰੀਦ ਕੇ ਨਵੇਂ ਡਿਜ਼ਾਈਨ ਦੀ ਸਿਲਾਈ ਕਢਾਈ ਕਰਾਉਣ ਵਿਚ ਤਾਂ ਤੁਹਾਡਾ ਮਨ ਨਹੀਂ ਉਲਝਿਆ ਰਹਿੰਦਾ ? (ਕਦੇ ਚੂੜੀਦਾਰ ਪਜਾਮੀ, ਕਦੇ ਸਲਵਾਰ ਦਾ ਪੌਂਚਾ ਖੁੱਲ੍ਹਾ- ਕਦੇ ਤੰਗ, ਕਦੇ, ਸੂਟ ਲੰਬਾ - ਕਦੇ ਛੋਟਾ, ਕਦੇ ਤੰਗ - ਕਦੇ ਖੁੱਲ੍ਹਾ, ਕਦੇ ਅੱਗੇ ਕਟ - ਕਦੇ ਪਿੱਛੇ, ਕਦੇ ਕਨਟਰਾਸਟ ਰੰਗ ਦਾ ਸੂਟ - ਕਦੇ ਦੋ ਰੰਗਾਂ, ਕਦੇ ਸੂਟ ਤੇ ਬਟਨ - ਕਦੇ ਸ਼ੀਸ਼ੇ, ਕਦੇ ਅੱਗੇ ਕਢਾਈ- ਕਦੇ ਪਿਛੇ, ਕਦੇ ਸੂਟ ਇਤਨਾ ਪਤਲਾ ਕਿ ਥੱਲੇ ਦੂਜਾ ਕਪੜਾ ਲਗਾਣਾ ਪਵੇ ਆਦਿ।) ਸਾਡਾ ਮਨ ਕਿਤੇ ਆ ਕੇ ਟਿਕੇਗਾ ਵੀ ਜਾਂ ਨਹੀਂ ? *ਕੀ ਉਹ ਬੱਚੀਆਂ ਧੰਨਤਾ ਯੋਗ ਨਹੀਂ ਜਿਹੜੀਆਂ ਇਨ੍ਹਾਂ ਚੰਚਲਤਾਈਆਂ ਤੋਂ ਬੱਚ ਗਈਆਂ ਹਨ ? ਕੀ ਉਹ ਅੰਤਰ ਆਤਮੇ ਨਮਸਕਾਰ ਯੋਗ ਨਹੀ ?*

* ਕੀ ਤੁਸੀਂ ਆਪਣੇ ਸਗੇ- ਸੰਬੰਧੀਆਂ, ਯਾਰਾਂ ਦੋਸਤਾਂ ਦੇ ਵਿਆਹ-ਸ਼ਾਦੀਆਂ ਅਤੇ ਪਾਰਟੀਆਂ ਵਿਚ ਹੋਰ ਦੁਨੀਆਂ ਵਾਂਗ ਭੰਗੜਾ ਆਦਿ ਤਾਂ ਨਹੀਂ ਪਾਉਂਦੇ ?

* ਕੀ ਤੁਸੀਂ ਆਪਣੇ ਬੱਚਿਆਂ ਨੂੰ ਛੋਟੇ ਨਾਮ (ਸੋਨੂੰ ਮੋਨੂੰ ਨੈਨਸੀ, ਮੀਨੂੰ ਆਦਿ) ਨਾਲ ਤਾਂ ਨਹੀਂ ਪੁਕਾਰਦੇ ?

** ***ਅਖੰਡ ਕੀਰਤਨੀ ਜੱਥੇ ਦੇ ਸਿੰਘਾਂ ਅਤੇ ਸਿੰਘਣੀਆਂ ਨੂੰ ਅੱਜ ਪੂਰੇ ਪੰਥ ਵਿਚ ਇਕ ਸਤਿਕਾਰ ਯੋਗ ਨਿਗਾਹ ਨਾਲ ਦੇਖਿਆ ਜਾਂਦਾ ਹੈ, ਕੀ ਅਸੀਂ ਇਸਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰ ਰਹੇ ਹਾਂ ?*** ----


ਭਾ: ਸਾ: ਭਾ: ਰਣਧੀਰ ਸਿੰਘ ਜੀ ਪਾਠ ਉਤਸ਼ਾਹਤ ਸਕੀਮ

ਇਸ ਸਕੀਮ ਤਹਿਤ 25 ਸਾਲ ਤੋਂ ਘੱਟ ਉਮਰ ਦੇ ਸਕੂਲਾਂ ਕਾਲਜਾਂ ਵਿਚ ਵਿਦਿਆ ਪ੍ਰਾਪਤ ਕਰ ਰਹੇ ਬੱਚਿਆਂ ਦੀ, ਲੜੀਵਾਰ ਸਰੂਪ ਤੋਂ ਸ਼ੁੱਧ ਪਾਠ ਕਰਨ ਦੀ ਪ੍ਰੀਖਿਆ ਦਸਮ ਪਾਤਸ਼ਾਹ ਦੇ ਪਾਵਨ ਪ੍ਰਕਾਸ਼ ਪੁਰਬ ਦੇ ਮੌਕੇ ਤੇ ਲੁਧਿਆਣੇ ਵਿਖੇ ਹੋ ਰਹੇ ਅਖੰਡ ਕੀਰਤਨ ਸਮਾਗਮ ਦੌਰਾਨ ਹੋਵੇਗੀ। ਲੜੀਵਾਰ ਸਰੂਪ ਤੋਂ ਘੱਟੋ ਘੱਟ 30 ਪੰਨੇ ਫੀ ਘੰਟਾ ਪਾਠ ਕਰ ਸਕਣ ਵਾਲੇ ਬੱਚੇ ਇਸ ਵਿਚ ਭਾਗ ਲੈ ਸਕਦੇ ਹਨ। ਇਛੁਕ ਸੱਜਣ ਲੋੜੀਂਦੇ ਫਾਰਮ ਭਾਈ ਬਲਬੀਰ ਸਿੰਘ 23- G- ਸਰਾਭਾ ਨਗਬ ਤੇ ਪਤੇ ਤੋਂ ਮੰਗਵਾ ਕੇ 20 ਦਸੰਬਰ 1998 ਤੱਕ ਵਾਪਸ ਉਸੇ ਪਤੇ ਤੇ ਭੇਜ ਦੇਣ।

ਸਕੱਤਰ
ਭਾਈ ਰਣਧੀਰ ਸਿੰਘ ਟ੍ਰਸਟ
23- G- ਸਰਾਭਾ ਨਗਰ ਲੁਧਿਆਣਾ।



www.AKJ.Org

# ਰਿਸ਼ਤੇ ਨਾਤੇ

ਨੋਟ:– 1. ਕੇਵਲ ਕੇਸਕੀ ਨੂੰ ਪੰਜਵਾਂ ਕਕਾਰ ਮੰਨ ਕੇ ਧਾਰਨ ਕਰਨ ਵਾਲੇ ਅਤੇ ਸ਼ਾਕਾਹਾਰੀ ਬੱਚਿਆਂ ਵਾਸਤੇ ਹੀ ਚਿੱਠੀ ਪੱਤਰ ਕਰੋ ਜੀ 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD-235 25 ਸਾਲਾ ਕੱਦ 5'4'' ਬੀ. ਏ. ਸਰਕਾਰੀ ਨੌਕਰੀ 5000/-ਮਾਸਿਕ ਤਨਖ਼ਾਹ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-236 22 ਸਾਲਾ ਕੱਦ 5'2'', B.A. ਪਾਸ, E.T.T. Passed Govt. Teacher 6000/-ਮਾਸਿਕ ਤਨਖਾਹ ਵਾਲੀ ਕੀਰਤਨੀ, ਨਾਮ ਅਭਿਆਸੀ ਤੇ ਬਿਬੇਕੀ ਪਹਿਰੇ ਵਾਲੀ ਘਰੇਲੂ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-237 Gursikh Parents Seeks Gursikh educated Indian/ NRI girl For Amritdhari, Teetollar 30 years old. Height 175 cms, Fair Smart Boy, Good Personality C.A., C.S.C. Inter, M.Com, doing MBA From IGNOU Working as Senior officer in corporate Sector.

LD-238 ਸਾਢੇ 23 ਸਾਲਾ, 10+2 ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-239 23 ਸਾਲਾ ਕੱਦ 5'10'' ਮੈਟ੍ਰਿਕ ਪਾਸ, ਚੰਗੀ ਆਮਦਨ ਵਾਲੇ ਸਿੰਘ ਲਈ ਯੋਗ ਵਰ ਦੀ ਲੋੜ ਹੈ,

LD-240 29 ਸਾਲਾ, ਕਾਮਰਸ ਗ੍ਰੈਜੂਏਟ, ਕੰਪਿਊਟਰ ਕੋਰਸ ਪਾਸ, ਆਪਣਾ ਕਾਰੋਬਾਰ 10,000 ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-241 20 ਸਾਲਾ ਕੱਦ 5'2'', ਮੈਟ੍ਰਿਕ ਪਾਸ ਘਰੇਲੂ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਡਾ: ਇੰਦਰਜੀਤ ਕੌਰ ਸਪੁਤ੍ਰੀ | | ਸ: ਕਮਲਦੀਪ ਸਿੰਘ– | ੧੧੦੦/– |
| ਸ: ਬਲਵੰਤ ਸਿੰਘ ਖਾਲਸਾ– | ੧੦੦੦/– | ਸ:ਗੁਰਦੀਪ ਸਿੰਘ – | ੭੦/– |
| ਸ: ਐਚ ਐਸ ਕਾਲਰਾ– | ੫੦੦/– | ਕਾਕਾ ਰਬਿੰਦਰ ਸਿੰਘ– | ੫੧/– |
| ਗੁਪਤ– | ੧੦੦੦/– | ਗੁਪਤ– | ੨੫੦/– |
| ਬੀਬੀ ਰਾਜਵੰਤ ਕੌਰ ਨਵੀਂ ਦਿੱਲੀ | ੧੦੦/– | ਗੁਪਤ– | ੧੦੦/– |
| ਸ: ਗੁਰਬਖਸ਼ ਸਿੰਘ ਬੇਤੂਲ– | ੬੦/– | ਸ: ਸਵਰਨ ਸਿੰਘ– | ੫੦੦/– |
| ਸ: ਪ੍ਰਕਾਸ਼ ਸਿੰਘ ਨਿਊ ਦਿੱਲੀ– | ੫੦੦/– | ਸ: ਚਰਨਜੀਤ ਸਿੰਘ– | ੧੦੧/– |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ: ਬਲਜਿੰਦਰ ਸਿੰਘ– | ੧੦੦/– | ਬੀਬੀ ਜੋਗਿੰਦਰ ਕੌਰ– | ੨੦੦/– |
| ਗੁਪਤ– | ੧੦੦/– | ਸ: ਗੁਰਧਰ ਸਿੰਘ– | ੫੦/– |
| ਗੁਪਤ– | ੧੦੦/– | ਸ: ਸਰਬਜੀਤ ਸਿੰਘ– | ੬੦/– |
| ਗੁਪਤ– | ੧੦੦/– | ਸ: ਪ੍ਰਭ ਦਿਆਲ ਸਿੰਘ– | ੫੦/– |
| ਗੁਪਤ– | ੧੦੦/– | ਬੀਬੀ ਹਰਭਜਨ ਕੌਰ– | ੫੦੦/– |
| ਗੁਪਤ– | ੫੦੦/– | ਗੁਪਤ– | ੨੫੦/– |
| ਗੁਪਤ– | ੧੦੦੦/– | | |

## ਜ਼ਰੂਰੀ ਸੂਚਨਾ

ਸਾਰੇ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਕਿਸੇ ਵੀ ਤਰਾਂ ਦਾ ਚਿੱਠੀ ਪੱਤਰ ਭੇਜਣ ਸਮੇਂ ਵਧੇ ਹੋਏ ਡਾਕ ਖਰਚ ਦਰ ਅਨੁਸਾਰ ਪੂਰੀਆਂ ਟਿਕਟਾਂ ਲਗਾ ਕੇ ਭੇਜੋ ਜੀ। ਬੈਰੰਗ (ਬਿਨਾਂ ਟਿਕਟ ਤੋਂ) ਜਾਂ ਘੱਟ ਟਿਕਟਾਂ ਲੱਗੇ ਪੱਤਰ ਸੂਰਾ ਦਫ਼ਤਰ ਵੱਲੋਂ ਪ੍ਰਾਪਤ ਨਹੀਂ ਕੀਤੇ ਜਾਣਗੇ।

## ਯੂ.ਕੇ. ਵਿਚ ਮੋਖ ਰਹਿਤ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖ਼ਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾ ਕੇ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ, 11-AApollo Way PERRYBARR BIRMINGHIM - 20(U.K.)

www.AKJ.Org

## ਭਾਈ ਸਾਹਿਬ ਸੰਤ ਸਿੰਘ ਜੀ ਮੋਹਾਲੀ



ਮਿਠ ਬੋਲੜੇ, ਨਾਮ ਅਭਿਆਸੀ, ਉੱਚ ਕੋਟੀ ਦੇ ਅਖੰਡ ਪਾਠੀ, ਭਾਈ ਸੰਤ ਸਿੰਘ 6-10-98 ਨੂੰ ਗੁਰਪੁਰੀ ਪਿਆਨਾ ਕਰ ਗਏ। ਆਪ ਜੀ ਗੁਰੂ ਸਵਾਰੇ ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਵਾਲਿਆਂ ਦੇ ਅਤਿ ਨਿਕਟਵਰਤੀ ਸਿੰਘਾਂ ਵਿਚੋਂ ਸਨ। 1984 ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਤਪ-ਅਸਥਾਨ ਕੁਮਾਰਹੱਟੀ ਗੁਰਦੁਆਰੇ ਨੂੰ ਹੋਏ ਨੁਕਸਾਨ ਉਪਰੰਤ ਉਸ ਦੀ ਨਵਉਸਾਰੀ ਦੀ ਸੇਵਾ ਆਪਣੀ ਨਿਗਰਾਨੀ ਹੇਠ ਲਗਭਗ ੨ ਸਾਲ ਦਾ ਸਮਾਂ ਲਗਾ ਕੇ ਸੰਪੂਰਨ ਕਰਵਾਈ। 1978 ਵਿਚ ਅੰਮ੍ਰਿਤ ਛਕਣ ਤੋਂ ਲੈ ਕੇ ਆਖਰੀ ਸਮੇਂ ਤੱਕ ਆਪਣੇ ਆਪਣੇ ਜੀਵਨ ਵਿਚ ਨਾਮ ਬਾਣੀ ਦਾ ਪਹਿਰਾ ਕਾਇਮ ਰੱਖਿਆ। ਏਸੇ ਦੀ ਬਦੌਲਤ ਆਪ ਆਪਣੇ ਅੰਤਮ ਸਮੇਂ ਬਿਨਾਂ ਕਿਸੇ ਖਾਸ ਸਰੀਰਕ ਕਸ਼ਟ ਤੋਂ ਨਾਮ ਬਾਣੀ ਦੇ ਰੰਗਾਂ ਵਿਚ ਰੰਗੇ ਹੋਏ ਹੀ ਗੁਰੂ ਚਰਨਾਂ ਵਿਚ ਜਾ ਬਿਰਾਜੇ।

## ਪਿੰਡ ਘੁਮਾਣ (ਲੁਧਿਆਣਾ) ਵਿਖੇ ਅਖੰਡ ਕੀਰਤਨ ਸਮਾਗਮ

14 ਨਵੰਬਰ 1998 ਸਵੇਰੇ ਪੰਜ ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ। ਸ਼ਾਮ 6 ਵਜੇ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ।

## ਗੁ: ਬਿਬੇਕਸਰ ਸਾਹਿਬ (ਅੰਮ੍ਰਿਤਸਰ) ਵਿਖੇ ਰੈਣਿ ਸਬਾਈ ਕੀਰਤਨ

ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ੨1 ਨਵੰਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

## ਬੰਗਾ ਵਿਖੇ ਸ਼ਹੀਦੀ ਪੁਰਬ ਪਾ: ੯ ਵੀਂ ਦਾ ਸਾਲਾਨਾ ਕੀਰਤਨ ਸਮਾਗਮ

ਗੁ: ਪਾ: ੬ ਚਰਨ ਕੰਵਲ ਬੰਗਾ ਵਿਖੇ ੨8 ਨਵੰਬਰ ਸਵੇਰ ਤੋਂ ਦੁਪਹਿਰ ਤੱਕ ਅਖੰਡ ਕੀਰਤਨ। ਸ਼ਾਮ 6 ਵਜੇ ਸੋਦਰੁ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ।

## ਪਿੰਡ ਬੁਲੋਵਾਲ ਵਿਖੇ ਰੈਣਿ ਸਬਾਈ ਕੀਰਤਨ ੨8 ਨਵੰਬਰ 1998 ਰਾਤ ਨੂੰ

ਪਿੰਡ ਬੁਲੋਵਾਲ ਹੁਸ਼ਿਆਰਪੁਰ ਟਾਂਡਾ ਸੜਕ ਤੇ ਭੋਗਪੁਰ ਤੋਂ 15 ਕਿਲੋਮੀਟਰ ਅੱਗੇ ਹੈ।।

## ਮੋਗਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਨੌਵੇਂ ਪਾਤਸ਼ਾਹ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਮੋਗਾ ਵਿਖੇ ਹੇਠ ਲਿਖੇ ਅਨੁਸਾਰ 3 ਤੋਂ 6 ਦਸੰਬਰ 1998 ਸਾਲਾਨਾ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਆਇ ਦੀਦਾਰ ਬਖਸ਼ੋ ਜੀ:-

ਵੀਰਵਾਰ 3-1੨-98 ਸ਼ਾਮ 6 ਤੋਂ 10 ਵਜੇ ਤੱਕ ਅਖੰਡ ਕੀਰਤਨ ਗੁ ਕਰਤਾਰ ਭਵਨ ਸਿਵਲ ਲਾਈਨਜ਼ ਮੋਗਾ ਵਿਖੇ ।

ਸ਼ੁਕਰਵਾਰ 4-1੨-98 ਸ਼ਾਮ 6 ਤੋਂ 10 ਵਜੇ ਤੱਕ ਅਖੰਡ ਕੀਰਤਨ ਗੁ: ਸਾਹਿਬ ਪਿੰਡ ਚੜਿਕ ਵਿਖੇ।

ਸ਼ਨੀਵਾਰ 5-1੨-98 ਸਵੇਰ ਤੋਂ 7 ਤੋਂ 1੨ ਵਜੇ ਤੱਕ ਅਖੰਡ ਕੀਰਤਨ ਗੁ:ਗੁਰੂ ਤੇਗ ਬਹਾਦਰ ਸਾਹਿਬ ਦੁਸਾਂਝ ਰੋਡ ਮੋਗਾ ਵਿਖੇ। ਸ਼ਾਮ 6 ਵਜੇ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ।

ਅੰਮ੍ਰਿਤ ਸੰਚਾਰ :- 5-1੨-98 ਸ਼ਾਮ 8 ਵਜੇ ਅੰਮ੍ਰਿਤ ਸੰਚਾਰ ਗੁ: ਗੁਰੂ ਤੇਗ ਬਹਾਦਰ ਸਾਹਿਬ ਵਿਖੇ ਆਰੰਭ ਹੋਣਗੇ

ਦਾਸਰੇ : ਅਖੰਡ ਕੀਰਤਨੀ ਜੱਥਾ ਮੋਗਾ।

## ਪਿੰਡ ਟਾਹਲੀ (ਹੁਸ਼ਿਆਰਪੁਰ) ਵਿਖੇ ਰੈਣਿ ਸਬਾਈ ਕੀਰਤਨ

ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਦੇ ਸਬੰਧ ਵਿਚ 19 ਦਸੰਬਰ ਸ਼ਾਮ ਨੂੰ ਸੋਦਰ ਉਪਰੰਤ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

## ਲੁਧਿਆਣਾ ਵਿਖੇ ਦਸਮ ਪਾਤਸ਼ਾਹ ਦੇ ਆਗਮਨ ਪੁਰਬ ਦਾ ਸਾਲਾਨਾ ਕੀਰਤਨ ਸਮਾਗਮ

ਹਰ ਸਾਲ ਦੀ ਤਰਾਂ ਪ੍ਰਕਾਸ਼ ਪੁਰਬ ਦੇ ਮੌਕੇ ਤੇ ੨ ਜਨਵਰੀ 1999 ਤੋਂ 6 ਜਨਵਰੀ 1999 ਤੱਕ ਅਖੰਡ ਕੀਰਤਨ ਸਮਾਗਮ ਸਜਣਗੇ। ਵੇਰਵਾ ਆਉਂਦੇ ਪਰਚੇ ਵਿਚ।

**ਸੂਰਾ ਪੱਤਰ ਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਨਾ ਵੇਚੋ ਜੀ ਸਗੋਂ ਹੋਰ ਸੰਗਤਾਂ ਨੂੰ ਪੜ੍ਹਨ ਲਈ ਦੇ ਕੇ ਗੁਰਮਤਿ ਪ੍ਰਚਾਰ ਵਿਚ ਹਿੱਸਾ ਪਾਓ ਜੀ।**

SURA (Monthly) KOTHI No. 12, BLOCK-I BHAI RANDHIR SINGH NAGAR, LUDHIANA-141004

www.AKJ.Org